## ਅਧਿਆਇ 9

# ਨਵੇਂ ਸੰਸਾਰ ਲਈ ਪਰਮੇਸ਼ੁਰ ਦੇ ਹੁਕਮ ਅਤੇ ਨੇਮ

ਕਿਸ਼ਤੀ ਵਿੱਚੋਂ ਨਿੱਕਲਣ ਤੇ, ਨੂਹ ਨੂੰ ਦੂਜੇ ਆਦਮ ਦੇ ਰੂਪ ਵਿੱਚ ਅੱਗੇ ਭੇਜਿਆ ਗਿਆ। ਸੰਸਾਰ ਪਾਪ ਦੇ ਰਾਹੀਂ ਦੂਸ਼ਿਤ ਅਤੇ ਨਾਸ ਹੋ ਚੁੱਕਾ ਸੀ, ਪਰ ਨੂਹ ਦਾ ਪਰਿਵਾਰ ਹਾਲੇ ਵੀ ਆਪਣੇ ਆਪ ਵਿੱਚ ਪਰਮੇਸ਼ੁਰ ਦਾ ਸਰੂਪ ਰੱਖਦਾ ਸੀ। ਪਰਮੇਸ਼ੁਰ ਨੂਹ ਦੇ ਰਾਹੀਂ ਸਾਰੇ ਜੀਉਂਦੇ ਪ੍ਰਾਣੀਆਂ ਅਤੇ ਕਿਸ਼ਤੀ ਵਿੱਚ ਹੋਰ ਜਿੰਨੇ ਵੀ ਬਚ ਗਏ ਸਨ ਸਭਨਾਂ ਦੇ ਰਾਹੀਂ ਇੱਕ ਨਵੀਂ ਸ਼ੁਰੂਆਤ ਕਰ ਰਿਹਾ ਸੀ।

## ਨਵੇਂ ਸੰਸਾਰ ਲਈ ਪਰਮੇਸ਼ੁਰ ਦਾ ਪ੍ਰਬੰਧ (9:1-7)

**[1]ਸੋ ਪਰਮੇਸ਼ੁਰ ਨੇ ਨੂਹ ਅਰ ਉਹ ਦੇ ਪੁੱਤ੍ਰਾਂ ਨੂੰ ਏਹ ਆਖਕੇ ਅਸੀਸ ਦਿੱਤੀ ਕਿ ਫਲੋ ਅਰ
ਵਧੋ ਅਰ ਧਰਤੀ ਨੂੰ ਭਰ ਦਿਓ। [2]ਅਤੇ ਤੁਹਾਡਾ ਡਰ ਅਰ ਤੁਹਾਡਾ ਭੈ ਧਰਤੀ ਦੇ ਹਰ ਜਾਨਵਰ
ਉੱਤੇ ਅਰ ਅਕਾਸ਼ ਦੇ ਹਰ ਪੰਛੀ ਉੱਤੇ ਅਰ ਹਰ ਇੱਕ ਦੇ ਉੱਤੇ ਜਿਹੜਾ ਜ਼ਮੀਨ ਉੱਤੇ ਘਿੱਸਰਦਾ
ਹੈ ਅਰ ਸਮੁੰਦਰ ਦੀਆਂ ਸਾਰੀਆਂ ਮੱਛੀਆਂ ਉੱਤੇ ਹੋਵੇਗਾ। ਓਹ ਤੁਹਾਡੇ ਵੱਸ ਵਿੱਚ ਕੀਤੇ ਗਏ
ਹਨ। [3]ਹਰ ਚੱਲਣਹਾਰ ਜਿਹ ਦੇ ਵਿੱਚ ਜੀਵਣ ਹੈ ਤੁਹਾਡੇ ਭੋਜਨ ਲਈ ਹੋਵੇਗਾ। ਜਿਵੇਂ ਮੈਂ ਸਾਗ
ਪੱਤ ਦਿੱਤਾ ਤਿਵੇਂ ਤੁਹਾਨੂੰ ਹੁਣ ਸਭ ਕੁਝ ਦਿੰਦਾ ਹਾਂ। [4]ਪਰ ਮਾਸ ਉਹ ਦੀ ਜਾਨ ਸਣੇ ਅਰਥਾਤ
ਲਹੂ ਸਣੇ ਤੁਸੀਂ ਨਾ ਖਾਇਓ। [5]ਮੈਂ ਜ਼ਰੂਰ ਤੁਹਾਡੀਆਂ ਜਾਨਾਂ ਦੇ ਲਹੂ ਦਾ ਬਦਲਾ ਲਵਾਂਗਾ। ਹਰ
ਇੱਕ ਜੰਗਲੀ ਜਾਨਵਰ ਤੋਂ ਮੈਂ ਬਦਲਾ ਲਵਾਂਗਾ ਅਤੇ ਆਦਮੀ ਦੇ ਹੱਥੀਂ ਅਰਥਾਤ ਹਰ ਮਨੁੱਖ ਦੇ
ਭਰਾ ਦੇ ਹੱਥੀਂ ਮੈਂ ਆਦਮੀ ਦੀ ਜਾਨ ਦਾ ਬਦਲਾ ਲਵਾਂਗਾ। [6]ਜੋ ਆਦਮੀ ਦਾ ਲਹੂ ਵਹਾਵੇਗਾ, ਉਸ
ਦਾ ਲਹੂ ਆਦਮੀ ਤੋਂ ਵਹਾਇਆ ਜਾਵੇਗਾ, ਕਿਉਂਕਿ ਪਰਮੇਸ਼ੁਰ ਦੇ ਸਰੂਪ ਉੱਤੇ ਉਸ ਨੇ ਆਦਮੀ ਨੂੰ
ਬਣਾਇਆ। [7]ਤੁਸੀਂ ਫਲੋ ਅਰ ਵਧੋ। ਧਰਤੀ ਉੱਤੇ ਫੈਲੋ ਅਰ ਉਸ ਉੱਤੇ ਵਧੋ।**

**ਆਇਤ 1. ਪਰਮੇਸ਼ੁਰ ਨੇ** 1:28 ਦੀ ਅਸਲੀ ਬਰਕਤ ਨੂੰ ਦੁਹਰਾਉਣ ਦੁਆਰਾ **ਨੂਹ ਅਰ ਉਹ ਦੇ ਪੁੱਤ੍ਰਾਂ** ਤੇ ਆਪਣੀ ਅਸੀਸ ਨੂੰ ਸ਼ਬਦਾਂ ਵਿੱਚ ਵਿਅਕਤ ਕੀਤਾ। ਹਾਲਾਂਕਿ ਇੱਥੇ ਜੋ ਹੁਕਮ ਹੈ ਉਹ ਸੰਖੇਪ ਹੈ, ਸ਼ਬਦ ਪ੍ਰਤੀਸ਼ਬਦ ਹਨ: **ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ** (ਵੇਖੋ 8:17)। ਇਸੇ ਤਰ੍ਹਾਂ ਦੀ ਅਸੀਸ ਇਸ ਭਾਗ ਦੇ ਖਤਮ ਹੋਣ ਤੇ ਫੇਰ ਦਿੱਤੀ ਗਈ ਹੈ, ਪਰ ਇਹ ਵਿਸਤਰਤ ਸ਼ਬਦਾਂ ਵਿੱਚ ਦਿੱਤੀ ਗਈ ਹੈ (9:7)। ਪ੍ਰਜਨਨ ਦੀ ਸ਼ੁਰੂਆਤੀ ਜ਼ਿੰਮੇਵਾਰੀ ਬਣੀ ਰਹੀ ਸੀ; ਸੰਸਾਰ ਨੂੰ ਇੱਕ ਵਾਰ ਫੇਰ ਵਸਾਉਣ ਦੀ ਲੋੜ ਸੀ।

**ਆਇਤਾਂ 2, 3.** ਜਾਨਵਰਾਂ ਦੇ ਰਾਜ ਤੇ ਮਨੁੱਖ ਦੇ ਰਾਜ ਨੂੰ ਦੁਹਰਾਉਣ ਤੋਂ ਬਾਅਦ, ਪਰਮੇਸ਼ੁਰ ਨੇ ਜਾਨਵਰਾਂ ਨੂੰ ਮਾਰਨ ਅਤੇ ਖਾਣ ਬਾਰੇ ਹਿਦਾਇਤਾਂ ਦਿੱਤੀਆਂ। ਕੀ ਮਨੁੱਖ ਸਹੀ

ਸ਼ਾਕਾਹਾਰੀ ਸੀ, ਜਾਂ ਉਹ ਜਲ ਪਰਲੋ ਆਉਣ ਤੋਂ ਪਹਿਲਾਂ ਯਹੋਵਾਹ ਅੱਗੇ ਮਾਰੇ ਜਾਣ ਵਾਲੇ ਜਾਂ ਕੁਰਬਾਨ ਕੀਤੇ ਜਾਣ ਵਾਲੇ ਜਾਨਵਰਾਂ ਦਾ ਕੁਝ ਮਾਸ ਖਾ ਸਕਦਾ ਸੀ? ਇਸ ਸਵਾਲ ਦਾ ਜਵਾਬ ਕਿਸੇ ਨਿਸ਼ਚਤਤਾ ਨਾਲ ਨਹੀਂ ਤੈਅ ਕੀਤਾ ਜਾ ਸਕਦਾ (1:29, 30 ਤੇ ਟਿੱਪਣੀਆਂ ਵੇਖੋ)। ਦੂਜੀ ਗੱਲ ਪੁਰਾਣੇ ਜ਼ਮਾਨੇ ਵਿੱਚ ਅਸਪਸ਼ਟ ਰਹੀ ਹੋਵੇਗੀ, ਪਰ ਇਹ ਪਹਿਲੀ ਵਾਰ ਹੋਇਆ ਸੀ ਕਿ ਪਰਮੇਸ਼ੁਰ ਨੇ ਸ਼ਪੱਸ਼ਟ ਤੌਰ ਤੇ ਮਨੁੱਖ ਨੂੰ **ਹਰ ਚੱਲਣਹਾਰ ਜਿਹ ਦੇ ਵਿੱਚ ਜੀਵਣ ਹੈ ਭੋਜਨ** ਲਈ ਦਿੱਤਾ ਸੀ, ਜਿਵੇਂ ਉਸ ਨੇ ਅਦਨ ਦੇ ਬਾਗ ਵਿੱਚ ਉਨ੍ਹਾਂ ਨੂੰ ਹਰ **ਬੀ ਵਾਲਾ ਸਾਗ ਪੱਤ** ਦਿੱਤਾ ਸੀ (1:29)।

ਜਦੋਂ ਮਨੁੱਖਾਂ ਨੂੰ ਭੋਜਨ ਦੇ ਲਈ **ਹਰ ਜਾਨਵਰ** ਅਤੇ **ਹਰ ਪੰਛੀ** ਅਰ **ਹਰ ਇੱਕ ਜਿਹੜਾ ਜ਼ਮੀਨ ਉੱਤੇ ਘਿੱਸਰਦਾ ਹੈ** ਅਤੇ **ਸਮੁੰਦਰ ਦੀਆਂ ਸਾਰੀਆਂ ਮੱਛੀਆਂ** ਨੂੰ ਮਾਰਨ ਦਾ ਅਧਿਕਾਰ ਦਿੱਤਾ ਸੀ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਾਨਵਰਾਂ ਦੇ ਰਾਜ ਵਿੱਚ ਇੱਕ ਬੁਨਿਆਦੀ ਬਦਲਾਅ ਹੋਇਆ ਸੀ। ਆਦ ਤੋਂ ਹੀ, ਮਨੁੱਖ ਨੇ ਆਪਣੇ ਤੋਂ ਥੱਲੇ ਜਿੰਨੇ ਵੀ ਪ੍ਰਾਣੀ ਸਨ ਸਭਨਾਂ ਤੇ ਰਾਜ ਕਰਨਾ ਸੀ (1:26-28), ਫਿਰ ਵੀ ਇਹ ਹਵਾਲਾ ਉਸ ਨਾਲੋਂ ਵੀ ਕਿਸੇ ਮਜ਼ਬੂਤ ਗੱਲ ਦਾ ਸੁਝਾਅ ਦਿੰਦਾ ਹੈ। ਹੁਣ ਤੋਂ, ਉਸ ਤੋਂ ਥੱਲੇ ਜਿੰਨੇ ਵੀ ਪ੍ਰਾਣੀ ਸਨ ਉਨ੍ਹਾਂ ਨੇ ਮਨੁੱਖਾਂ ਦੀ ਮੌਜੂਦਗੀ ਵਿੱਚ ਨਾ ਸਿਰਫ ਘਬਰਾਉਣਾ ਅਤੇ ਸਚੇਤ ਰਹਿਣਾ ਸੀ, ਪਰ ਉਨ੍ਹਾਂ ਨੇ ਮਨੁੱਖ ਦੇ **ਡਰ** ਅਤੇ **ਭੈ** ਨਾਲ ਭਰ ਜਾਣਾ ਸੀ। ਇਹ ਨਵਾਂ ਰਿਸ਼ਤਾ ਉਸ ਰਿਸ਼ਤੇ ਦੇ ਮੁਕਾਬਲੇ ਬਹੁਤ ਹੀ ਵੱਖਰਾ ਹੈ ਜਿਹੜਾ ਜਾਨਵਰਾਂ ਦਾ ਅਦਨ ਦੇ ਬਾਗ ਵਿੱਚ ਆਦਮ ਨਾਲ (2:19, 20) ਅਤੇ ਕਿਸ਼ਤੀ ਵਿੱਚ ਨੂਹ ਦੇ ਨਾਲ ਸੀ (7:8, 9)।

ਮੌਜੂਦਾ ਲਿਖਤ ਵਿੱਚੋਂ ਇੱਕ ਹੋਰ ਪਰੇਸ਼ਾਨ ਕਰਨ ਵਾਲਾ ਮੁੱਦਾ ਜੋ ਖੜ੍ਹਾ ਹੁੰਦਾ ਹੈ ਉਹ ਇਹ ਹੈ ਕਿ ਕੀ ਪਰਮੇਸ਼ੁਰ ਨੇ ਸੱਚਮੁੱਚ ਮਨੁੱਖ ਨੂੰ ਜਲ ਪਰਲੋ ਤੋਂ ਬਾਅਦ "ਹਰ ਚੱਲਣਹਾਰ ਜਿਹ ਦੇ ਵਿੱਚ ਜੀਵਣ ਹੈ" ਭੋਜਨ ਦੇ ਲਈ ਦਿੱਤਾ ਸੀ ਜਾਂ ਨਹੀਂ। ਕੀ ਪਰਮੇਸ਼ੁਰ ਨੇ ਇਨ੍ਹਾਂ ਲੋਕਾਂ ਨੂੰ ਨਾ ਸਿਰਫ ਸ਼ੁੱਧ ਜਾਨਵਰਾਂ, ਪੰਛੀਆਂ, ਮੱਛੀਆਂ ਅਤੇ ਕੀੜੇ ਮਕੌੜਿਆਂ ਨੂੰ ਖਾਣ ਦੀ ਇਜਾਜ਼ਤ ਦਿੱਤੀ ਸੀ, ਪਰ ਬਾਅਦ ਵਿੱਚ ਉਨ੍ਹਾਂ ਦੀ ਵੀ ਜਿਨ੍ਹਾਂ ਨੂੰ ਮੂਸਾ ਦੀ ਸ਼ਰਾ ਵਿੱਚ "ਅਸ਼ੁੱਧ" ਸਮਝਿਆ ਜਾਂਦਾ ਸੀ (ਲੇਵੀਆਂ 11:1-47)? ਕਿਉਂਕਿ ਪਹਿਲਾਂ ਇਸ ਕਹਾਣੀ ਵਿੱਚ ਸ਼ੁੱਧ ਜਾਨਵਰ ਅਸ਼ੁੱਧ ਜਾਨਵਰਾਂ ਨਾਲੋਂ ਵੱਖਰੇ ਸਨ (7:2, 8; 8:20), ਸ਼ਾਇਦ ਇੱਥੇ ਉਸੇ ਵੱਖਰੇਪਣ ਦੀ ਕਲਪਨਾ ਕੀਤੀ ਜਾਣੀ ਚਾਹੀਦੀ ਹੈ। ਫਿਰ ਵੀ, ਇਹ ਅਜੀਬ ਪ੍ਰਤੀਤ ਹੁੰਦਾ ਹੈ ਕਿ ਪਰਮੇਸ਼ੁਰ ਮਨੁੱਖ ਦੇ ਲਈ ਉਚਿਤ ਭੋਜਨ ਦੇ ਤੌਰ ਤੇ "ਹਰ ਚੱਲਣਹਾਰ ਜਿਹ ਦੇ ਵਿੱਚ ਜੀਵਣ ਹੈ" ਸ਼ਾਮਲ ਕਰੇਗਾ ਜੇਕਰ ਉਸ ਦਾ ਸੱਚਮੁੱਚ ਇਹ ਅਰਥ ਸੀ ਕਿ ਮਨੁੱਖ ਨੇ ਸਿਰਫ ਸ਼ੁੱਧ ਪ੍ਰਾਣੀਆਂ ਨੂੰ ਖਾਣਾ ਸੀ ਨਾ ਕਿ ਉਨ੍ਹਾਂ ਨੂੰ ਜਿਹੜੇ ਅਸ਼ੁੱਧ ਸਨ।

ਇਸ ਤਰਕ ਨਾਲ ਇਕਸਾਰ ਹੋਣ ਦੇ ਲਈ, ਸਾਨੂੰ ਸ਼ੁੱਧ ਅਤੇ ਅਸ਼ੁੱਧ ਭੋਜਨਾਂ ਬਾਰੇ ਨਵੇਂ ਨੇਮ ਦੇ ਕਥਨਾਂ ਨਾਲ ਉਸੇ ਤਰ੍ਹਾਂ ਪੇਸ਼ ਆਉਣਾ ਪਵੇਗਾ। ਇਸ ਤੱਥ ਦੀ ਪਰਵਾਹ ਨਾ ਕਰਦੇ ਹੋਏ ਕਿ ਮਰਕੁਸ ਨੇ ਕਿਹਾ ਸੀ ਕਿ ਯਿਸੂ ਨੇ "ਸਾਰ ਭੋਜਨ ਸ਼ੁੱਧ ਠਹਿਰਾਏ" (ਮਰਕੁਸ 7:19) ਅਤੇ ਪੌਲੁਸ ਨੇ ਕਿਹਾ ਸੀ ਕਿ "ਪਰਮੇਸ਼ੁਰ ਦੀ ਉਤਪਤ ਕੀਤੀ ਹੋਈ ਹਰੇਕ ਵਸਤ ਚੰਗੀ ਹੈ ਅਤੇ ਕੋਈ ਤਿਆਗਣ ਦੇ ਜੋਗ ਨਹੀਂ ਜੇ ਕਦੇ ਉਹ ਧੰਨਵਾਦ ਨਾਲ ਲਈ ਜਾਵੇ" (1 ਤਿਮੋਥਿਉਸ 4:4) ਕੀ ਸਾਨੂੰ ਇਹ ਸਿੱਟਾ ਕੱਢਣਾ ਚਾਹੀਦਾ ਹੈ ਕਿ ਸ਼ੁੱਧ ਅਤੇ ਅਸ਼ੁੱਧ ਭੋਜਨਾਂ ਵਿਚਾਕਰ ਫ਼ਰਕ ਅੱਜ ਵੀ ਲਾਗੂ ਹੁੰਦਾ ਹੈ? ਸਪੱਸ਼ਟ ਤੌਰ ਤੇ ਨਹੀਂ, ਇਸ ਲਈ ਜਲ ਪਰਲੋ ਤੋਂ ਬਾਅਦ ਭੋਜਨ ਬਾਰੇ ਪਰਮੇਸ਼ੁਰ ਦੀ ਖੁੱਲ੍ਹੀ ਘੋਸ਼ਣਾ ਦੇ ਸੰਬੰਧ ਵਿੱਚ ਅਜਿਹੇ ਸਿੱਟੇ ਤੇ ਪਹੁੰਚਣਾ ਵੀ ਬੇਲੋੜਾ ਪ੍ਰਤੀਤ ਹੁੰਦਾ ਹੈ। ਸ਼ਰਾ ਦਿੱਤੇ ਜਾਣ ਤੋਂ ਪਹਿਲਾਂ, ਪਰਤੱਖ ਰੂਪ ਵਿੱਚ ਸ਼ੁੱਧ ਅਤੇ ਅਸ਼ੁੱਧ ਜਾਨਵਰਾਂ ਸੰਬੰਧੀ

ਕੋਈ ਵੀ ਪਾਬੰਦੀ ਸਿਰਫ ਬਲੀ ਤੇ ਲਾਗੂ ਹੁੰਦੀ ਸੀ ਨਾ ਕਿ ਭੋਜਨ ਤੇ।

**ਆਇਤ 4.** ਬਾਈਬਲ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਪਰਮੇਸ਼ੁਰ ਨੇ ਮਨੁੱਖ ਨੂੰ **ਮਾਸ ਉਹ ਦੀ ਜਾਨ ਸਣੇ ਅਰਥਾਤ ਲਹੂ ਸਣੇ ਖਾਣ** ਤੋਂ ਮਨ੍ਹਾ ਕੀਤਾ ਸੀ। ਅੱਗੇ ਚੱਲ ਕੇ ਇਸਰਾਏਲ ਨੂੰ ਲਹੂ ਖਾਣ ਜਾਂ ਪੀਣ ਸੰਬੰਧੀ ਕਈ ਸਪੱਸ਼ਟ ਹੁਕਮ ਦਿੱਤੇ ਗਏ ਸਨ (ਲੇਵੀਆਂ 3:17; 7:26, 27; 17:10-14; ਬਿਵਸਥਾ ਸਾਰ 12:15, 16, 20-24) ਅਤੇ ਰਸੂਲਾਂ ਦੇ ਕਰਤੱਬ 15:29 ਵਿੱਚ ਇਹੀ ਹਦਾਇਤ ਗੈਰ ਕੌਮ ਦੇ ਮਸੀਹੀ ਲੋਕਾਂ ਦੇ ਲਈ ਦਿੱਤੀ ਗਈ ਸੀ। ਕਿਉਂਕਿ ਸਿਰਫ ਪਰਮੇਸ਼ੁਰ ਹੀ ਹੈ ਜਿਹੜਾ ਜੀਵਨ ਦੇ ਸਕਦਾ ਹੈ, ਜਲ ਪਰਲੋ ਤੋਂ ਬਾਅਦ ਬਾਕੀ ਬਚੇ ਲੋਕਾਂ ਉਸ ਜੀਵਨ ਸ਼ਕਤੀ ਦਾ ਆਦਰ ਕਰਨ ਦੇ ਲਈ ਮਜਬੂਰ ਸਨ ਜੋ ਪਰਮੇਸ਼ੁਰ ਨੇ ਸਾਰੇ ਪ੍ਰਾਣੀਆਂ ਨੂੰ ਦਿੱਤੀ ਸੀ। ਇਸ ਸੰਦਰਭ ਵਿੱਚ, ਲਹੂ ਨੂੰ ਜੀਵਨ ਦੇ ਬਰਾਬਰ ਮੰਨਿਆ ਗਿਆ ਹੈ; ਇਸੇ ਕਾਰਣ, ਇਸ ਨੂੰ ਖਾਣਾ ਜਾਂ ਪੀਣ ਦੀ ਮਨਾਹੀ ਸੀ।

ਸਮੁੱਚੇ ਪ੍ਰਾਚੀਨ ਮਸੋਪੋਤਾਮਿਯਾ ਵਿੱਚ ਇਸ ਪਾਬੰਦੀ ਦੀ ਕੋਈ ਤੁਲਨਾ ਨਹੀਂ ਮਿਲੀ। ਸ਼ਰਾ ਦੀ ਵਿਲੱਖਣਤਾ ਇਸ ਗੱਲ ਦਾ ਪੱਕਾ ਸੰਕੇਤ ਹੈ ਕਿ ਇਸ ਦੀ ਸ਼ੁਰੂਆਤ ਕਿਸੇ ਆਰੰਭਕ ਗੈਰ ਯਹੂਦੀ ਮਨਾਹੀ ਦੇ ਨਤੀਜੇ ਵਜੋਂ ਨਹੀਂ ਸੀ ਹੋਈ, ਪਰ ਇਹ ਇੱਕ ਰੱਬੀ ਆਦੇਸ਼ ਸੀ।[1] ਇਹ ਉਹ ਆਦੇਸ਼ ਨਹੀਂ ਸੀ ਜੋ ਸਿਰਫ ਚੁਣੇ ਹੋਏ ਲੋਕਾਂ ਤੇ ਲਾਗੂ ਹੁੰਦਾ ਸੀ, ਜਿਵੇਂ ਕਿ ਇਸਰਾਏਲੀ ਲੋਕ; ਇਸ ਦੇ ਵਿੱਚ ਸਾਰੇ ਲੋਕ ਸ਼ਾਮਲ ਸਨ, ਇਹ ਨੂਹ ਦੇ ਸਾਰੇ ਵੰਸ਼ਾਂ ਦੇ ਲਈ ਸੀ। ਯਹੋਵਾਹ ਨਹੀਂ ਸੀ ਚਾਹੁੰਦਾ ਕਿ ਮਨੁੱਖਜਾਤੀ ਲਹੂ ਦੀ ਪਿਆਸੀ ਹੋਵੇ, ਜਿਵੇਂ ਕਿ ਪ੍ਰਾਚੀਨ ਸਮਿਆਂ ਵਿੱਚ ਕੁਝ ਗੈਰ ਯਹੂਦੀ ਲੋਕ ਲਹੂ ਦੇ ਪਿਆਸੇ ਬਣ ਗਏ ਸਨ।[2] ਲਹੂ ਨੂੰ ਖਾਣਾ ਜਾਂ ਪੀਣਾ ਪਰਮੇਸ਼ੁਰ ਨੂੰ ਨਿਰਾਦਰ ਵਿਖਾਉਣਾ ਹੋਵੇਗਾ, ਜਿਸ ਨੇ ਸਾਰੇ ਪ੍ਰਾਣੀਆਂ ਨੂੰ ਜੀਵਨ ਦਿੱਤਾ ਹੈ। ਹਾਲਾਂਕਿ ਮਨੁੱਖ ਨੂੰ ਜਾਨਵਰਾਂ ਨੂੰ ਭੋਜਨ ਦੇ ਰੂਪ ਵਿੱਚ ਖਾਣ ਦੀ ਰੱਬੀ ਇਜਾਜ਼ਤ ਦਿੱਤੀ ਗਈ ਸੀ, ਮਨੁੱਖ ਨੇ ਇਨ੍ਹਾਂ ਪ੍ਰਾਣੀਆਂ ਦੀ ਉਚਿਤ ਤਰੀਕੇ ਨਾਲ ਦੇਖਭਾਲ ਕਰਨੀ ਸੀ ਅਤੇ ਬੇਹੂਦਗੀ ਨਾਲ ਦੁਰਵਰਤੋਂ ਨਹੀਂ ਸੀ ਕਰਨੀ। ਪਰਮੇਸ਼ੁਰ ਚਾਹੁੰਦਾ ਸੀ ਕਿ ਮਨੁੱਖ ਜਾਨਵਰਾਂ ਤੇ ਰਾਜ ਕਰੇ (ਜ਼ਬੂਰ 8:3-8), ਪਰ ਉਸ ਨੇ ਇੱਕ ਵਫ਼ਾਦਾਰ ਮੁਖ਼ਤਿਆਰ ਵਜੋਂ ਪਰਮੇਸ਼ੁਰ ਦੀ ਰਚਨਾ ਤੇ ਪ੍ਰਭੂਤਾ ਕਰਨੀ ਸੀ। ਸਾਰੀ ਪ੍ਰਭੂਤਾ ਸਿਰਫ ਪਰਮੇਸ਼ੁਰ ਦੀ ਹੈ।

**ਆਇਤ 5.** ਅਗਲਾ ਬਿਆਨ ਮਨੁੱਖੀ ਜੀਵਨ ਦੇ ਮੁੱਲ ਦੇ ਨਾਲ ਸੰਬੰਧਤ ਹੋਰ ਰੱਬੀ ਸੰਦੇਸ਼ ਦੇ ਨਾਲ ਸ਼ੁਰੂ ਹੁੰਦਾ ਹੈ: ਪਰਮੇਸ਼ੁਰ ਨੇ ਕਿਹਾ, **ਮੈਂ ਜ਼ਰੂਰ ਤੁਹਾਡੀਆਂ ਜਾਨਾਂ ਦੇ ਲਹੂ ਦਾ ਬਦਲਾ ਲਵਾਂਗਾ। ਹਰ ਇੱਕ ਜੰਗਲੀ ਜਾਨਵਰ ਤੋਂ ਮੈਂ ਬਦਲਾ ਲਵਾਂਗਾ ਅਤੇ ਆਦਮੀ ਦੇ ਹੱਥੀਂ ਅਰਥਾਤ ਹਰ ਮਨੁੱਖ ਦੇ . . . ਮੈਂ ਆਦਮੀ ਦੀ ਜਾਨ ਦਾ ਬਦਲਾ ਲਵਾਂਗਾ**। ਇਹ ਅਜੀਬ ਲੱਗੇਗਾ ਕਿ ਪਰਮੇਸ਼ੁਰ "ਮਨੁੱਖ" ਅਤੇ "ਜਾਨਵਰ" ਦੋਵਾਂ ਦੇ ਖਿਲਾਫ ਮੌਤ ਦੀ ਸਜ਼ਾ ਦੀ ਰੱਬੀ ਘੋਸ਼ਣਾ ਕਰ ਸਕਦਾ ਹੈ, ਕਿਉਂਕਿ ਜਾਨਵਰ ਨੈਤਿਕ ਪ੍ਰਾਣੀ ਨਹੀਂ ਹਨ। ਪਰ, ਕਿਉਂਕਿ ਪੁਰਾਤਨ ਸੰਸਾਰ ਹਿੰਸਾ ਦੇ ਨਾਲ ਬਹੁਤ ਭਰਿਆ ਹੋਇਆ ਸੀ (6:11), ਇਸ ਵਿਚ ਸਪੱਸ਼ਟ ਰੂਪ ਵਿਚ ਵਿਵੇਕਹੀਣ ਕਤਲ ਵੀ ਸ਼ਾਮਲ ਸਨ, ਪਰਮੇਸ਼ੁਰ ਨੂਹ ਅਤੇ ਉਸ ਦੀ ਸੰਤਾਨ ਦੇ ਦਿਮਾਗ ਵਿੱਚ ਇਹ ਬਿਠਾਉਣਾ ਚਾਹੁੰਦਾ ਸੀ ਕਿ ਉਹ ਇਸ ਪ੍ਰਕਾਰ ਦੇ ਵਿਹਾਰ ਨੂੰ ਬਰਦਾਸ਼ਤ ਨਹੀਂ ਕਰੇਗਾ। ਮਨੁੱਖ ਦਾ ਜੀਵਨ ਇੰਨਾ ਪਵਿੱਤਰ ਹੈ ਕਿ ਇਹ ਮਨੁੱਖ ਅਤੇ ਜਾਨਵਰ ਦੋਵਾਂ ਕੋਲੋਂ ਲੇਖਾ-ਜੋਖਾ ਮੰਗਦਾ ਹੈ।

ਲਿਖਤ ਤਿੰਨ ਵਾਰ ਕਹਿੰਦੀ ਹੈ, "ਮੈਂ ਬਦਲਾ [ਲਵਾਂਗਾ]," ਅਤੇ ਪਰਮੇਸ਼ੁਰ ਪਹਿਲੇ ਪੁਰਖ ਪੜਨਾਂਵ ਦਾ ਵਿਸ਼ਾ ਹੈ। ਇਨ੍ਹਾਂ ਘਟਨਾਵਾਂ ਤੋਂ ਪਹਿਲਾਂ ਪਰਮੇਸ਼ੁਰ ਨੇ ਕਿਹਾ, "ਮੈਂ ਜ਼ਰੂਰ ਤੁਹਾਡੀਆਂ ਜਾਨਾਂ ਦੇ ਲਹੂ ਦਾ ਬਦਲਾ ਲਵਾਂਗਾ।" ਇਨ੍ਹਾਂ ਬਿਆਨਾਂ ਦਾ ਅਰਥ ਇਹ ਹੈ ਕਿ

ਪਰਮੇਸ਼ੁਰ ਨੂੰ "ਜਾਨ ਦੇ ਵੱਟੇ ਜਾਨ" ਦੀ "ਲੋੜ" (שָׁדַר, *ਦਰਸ਼)* "ਹੁੰਦੀ ਹੈ।"[3] ਇਸ ਸਿਧਾਂਤ ਦੇ ਅਨੁਸਾਰ, ਇੱਕ ਮਨੁੱਖ ਨੂੰ ਮਾਰਨਾ ਖੁਦ ਪਰਮੇਸ਼ੁਰ ਦੇ ਖਿਲਾਫ ਅਪਰਾਧ ਹੈ ਜਿਸ ਨੇ ਮਨੁੱਖ ਨੂੰ ਆਪਣੀ ਸੂਰਤ ਤੇ ਬਣਾਇਆ ਸੀ (1:26, 27; 5:1, 2; 9:6)।

ਮਨੁੱਖ ਅਤੇ ਜਾਨਵਰ ਦੋਵੇਂ ਜ਼ਿੰਮੇਵਾਰ ਕਰਿੰਦਿਆਂ ਦੇ ਰੂਪ ਵਿਚ ਇਸ ਰੱਬੀ ਹੁਕਮ ਦੇ ਅਧੀਨ ਸਨ, ਜੋ ਕਿ ਬਾਅਦ ਵਿਚ ਮੂਸਾ ਦੀ ਸ਼ਰਾ ਦੇ ਵਿਚ ਦੁਹਰਾਇਆ ਗਿਆ ਹੈ। ਸ਼ਰਾ ਨੇ ਇੱਕ ਬੈਲ ਦੀ ਉਦਾਹਰਣ ਦਿੱਤੀ ਹੈ ਜਿਸ ਨੂੰ "ਮਾਰ ਖੰਡ ਹੁੰਦਾ ਸੀ": ਜੇਕਰ ਮਾਲਕ ਨੂੰ ਬੈਲ ਦੀ ਇਸ ਆਦਤ ਦਾ ਪਤਾ ਸੀ, ਤਾਂ ਉਸ ਨੂੰ ਚਾਹੀਦਾ ਸੀ ਕਿ ਉਹ ਉਸ ਜਾਨਵਰ ਬੰਨ੍ਹ ਕੇ ਰੱਖਦਾ। ਜੇਕਰ ਉਸ ਨੇ ਅਜਿਹਾ ਨਹੀਂ ਕੀਤਾ ਅਤੇ ਉਸ ਬੈਲ ਨੇ ਇੱਕ ਵਿਅਕਤੀ ਨੂੰ ਮਾਰ ਦਿੱਤਾ, ਤਾਂ ਬੈਲ ਅਤੇ ਮਾਲਕ ਦੋਵਾਂ ਨੂੰ ਮਾਰ ਦਿੱਤਾ ਜਾਵੇ (ਕੂਚ 21:29)।

**ਹਰ ਮਨੁੱਖ ਦੇ ਭਰਾ ਦੇ ਹੱਥੀਂ** ਵਾਕ ਦਾ ਕੀ ਮਤਲਬ ਹੈ? ਇਹ ਭਾਸ਼ਾ ਉਸ ਪਹਿਲੇ ਕਤਲ ਵੱਲ ਇਸ਼ਾਰਾ ਕਰ ਸਕਦੀ ਹੈ, ਜਿਸ ਵਿਚ ਕਇਨ ਨੇ ਆਪਣੇ ਭਰਾ ਹਾਬਲ ਨੂੰ ਮਾਰ ਦਿੱਤਾ ਸੀ (4:8), ਇਸ ਦੇ ਨਾਲ ਇਸ ਵਿਚਾਰ ਨੂੰ ਸ਼ਾਮਲ ਕਰੋ ਕਿ ਅਸੀਂ ਸਾਰੇ ਮਨੁੱਖੀ ਪਰਿਵਾਰ ਦਾ ਹਿੱਸਾ ਹਾਂ।[4] ਬਾਅਦ ਵਾਲੀ ਇੱਕ ਸੰਭਾਵਨਾ ਦੇ ਸੰਬੰਧ ਵਿਚ, ਕੁਝ ਸੰਸਕਰਣ "ਹਰ ਮਨੁੱਖ ਦੇ ਭਰਾ" ਦਾ ਅਰਥ ਕਿਸੇ ਦਾ "ਸਾਥੀ" ਦੱਸਦੇ ਹਨ (NIV; ESV)। NLT ਅਨੁਵਾਦ ਕਹਿੰਦਾ ਹੈ ਕਿ "ਜੋ ਕੋਈ ਆਪਣੇ ਸਾਥੀ ਦਾ ਕਤਲ ਕਰਦਾ ਹੈ ਉਸ ਨੂੰ ਮਰਨਾ ਚਾਹੀਦਾ ਹੈ।" ਇੱਕ ਹੋਰ ਵਿਆਖਿਆ ਇਹ ਹੈ ਕਿ "ਹਰ ਮਨੁੱਖ ਦੇ ਭਰਾ" ਖੂਨ ਦਾ ਬਦਲਾ ਲੈਣ ਵਾਲੇ ਦਾ ਆਰੰਭਿਕ ਜ਼ਿਕਰ ਹੈ, ਜੋ ਹਥਿਆਰੇ ਨੂੰ ਮਾਰ ਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਂਦਾ ਹੈ (ਵੇਖੋ ਗਿਣਤੀ 35:9-34; ਬਿਵਸਥਾ ਸਾਰ 19:1-13)।

**ਆਇਤ 6.** ਇਹ ਆਇਤ ਇਸ ਪ੍ਰਕਾਰ ਕਹਿਣ ਦੇ ਦੁਆਰਾ ਕਿ, **ਜੋ ਆਦਮੀ ਦਾ ਲਹੂ ਵਹਾਵੇਗਾ ਉਸ ਦਾ ਲਹੂ ਆਦਮੀ ਤੋਂ ਵਹਾਇਆ ਜਾਵੇਗਾ** ਦੋਸ਼ੀ ਦੇ ਲਈ ਸਜ਼ਾ ਨੂੰ ਕਾਇਮ ਰੱਖਦੀ ਹੈ। ਉਤਪਤ 37:22 ਵਿਚ, ਪਹਿਲਾਂ ਤੋਂ ਹੀ ਯੋਜਨਾ ਬਣਾਏ ਹੋਏ "ਖ਼ੂਨ ਕਰਨ" ਦੇ ਲਈ ਬਣਾਈ ਗਈ ਯੋਜਨਾ ਦੇ ਤਰਜਮੇ ਦਾ ਇਸਤੇਮਾਲ ਕੀਤਾ ਗਿਆ ਹੈ, ਜਿੱਥੇ ਰਊਬੇਨ ਨੇ ਆਪਣੇ ਭਰਾਵਾਂ ਦੇ ਅੱਗੇ ਬੇਨਤੀ ਕੀਤੀ ਸੀ ਕਿ ਉਹ ਯੂਸਫ਼ ਨੂੰ ਨਾ ਮਾਰਨ (ਵੇਖੋ 1 ਰਾਜਿਆਂ 2:31; ਹਿਜ਼ਕੀਏਲ 22:4)। ਬਾਈਬਲ ਵਿਚ ਕਤਲ ਨੂੰ ਇੱਕ ਅਜਿਹੇ ਘਿਣਾਉਣੇ ਜੁਰਮ ਦੇ ਰੂਪ ਵਿਚ ਦਰਸਾਇਆ ਗਿਆ ਹੈ ਕਿ ਕਤਲ ਕਰਨ ਵਾਲੇ ਦਾ ਕਤਲ ਕਰਨ ਦਾ ਹੁਕਮ ਦਿੱਤਾ ਗਿਆ ਹੈ। ਇਹ ਬਿਆਨ ਕਈ ਸਵਾਲ ਉਠਾਉਂਦਾ ਹੈ: ਜੇਕਰ ਕਾਤਲ ਨੂੰ ਮਨੁੱਖ ਦੇ ਦੁਆਰਾ ਮਾਰਿਆ ਜਾਣਾ ਸੀ, ਤਾਂ ਕੀ ਕਾਤਲ ਨੂੰ ਮਾਰਨ ਵਾਲਾ ਵਿਅਕਤੀ ਵੀ ਕਤਲ ਕਰਨ ਦਾ ਦੋਸ਼ੀ ਨਹੀਂ ਸੀ? ਵਿਰੋਧਾਂ ਦੇ ਬਾਵਜੂਦ, ਜਵਾਬ ਹੈ "ਨਹੀਂ।" ਮੌਤ ਦੀ ਸਜ਼ਾ ਉਸ ਸਮੇਂ ਤੱਕ ਕਤਲ ਨਹੀਂ ਹੈ, ਜਦੋਂ ਤੱਕ ਇਹ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਲੈਣ ਅਤੇ ਵਿਅਕਤੀਗਤ ਤੌਰ ਤੇ ਬਦਲਾ ਲੈਣ ਦਾ ਮਾਮਲਾ ਨਹੀਂ ਬਣ ਜਾਂਦਾ ਹੈ।

ਇੱਕ ਕਾਤਲ ਨੂੰ ਸਜ਼ਾ ਜਾਂ ਬਦਲਾ ਦੇਣਾ ਇੱਕ ਨਿਜੀ ਮਾਮਲਾ ਨਹੀਂ ਸੀ। ਇਸ ਦੀ ਬਜਾਇ, ਪਰਮੇਸ਼ੁਰ ਨੇ ਇਸ ਨੂੰ ਸਮਾਜ ਦੀ ਜ਼ਿੰਮੇਵਾਰੀ ਬਣਾ ਦਿੱਤਾ ਸੀ। ਸਾਨੂੰ ਇਹ ਨਹੀਂ ਦੱਸਿਆ ਗਿਆ ਹੈ ਕਿ ਇਤਿਹਾਸ ਵਿੱਚ ਪੂਰਵਜਾਂ ਦੇ ਸਮੇਂ ਇਸ ਨੂੰ ਕਿਵੇਂ ਕੀਤਾ ਜਾਂਦਾ ਸੀ, ਪਰ ਅਸੀਂ ਕਾਨੂੰਨੀ ਪ੍ਰਕਿਰਿਆਵਾਂ ਨੂੰ ਜਾਣਦੇ ਹਾਂ ਜਿਨ੍ਹਾਂ ਨੂੰ ਮੂਸਾ ਦੀ ਸ਼ਰਾ ਦੇ ਤਹਿਤ ਸਥਾਪਤ ਕੀਤਾ ਗਿਆ ਸੀ। ਪਰਮੇਸ਼ੁਰ ਦੀ ਸ਼ਰਾ ਨੇ ਸੰਯੋਗ ਨਾਲ ਹੋਣ ਵਾਲੀ ਇੱਕ ਹੱਤਿਆ ਦੇ ਲਈ "ਖ਼ੂਨ ਦਾ ਬਦਲਾ ਲੈਣ ਵਾਲੇ" (ਨਜ਼ਦੀਕੀ ਰਿਸ਼ਤੇਦਾਰ ਤੋਂ) ਸੁਰੱਖਿਆ ਪ੍ਰਦਾਨ ਕੀਤੀ ਹੈ। ਇਸ ਤਰ੍ਹਾਂ ਦੇ ਮਾਮਲੇ ਨੂੰ "ਪਨਾਹ ਨਗਰ" ਦੇ ਬਜ਼ੁਰਗਾਂ ਦੇ ਦੁਆਰਾ ਸੁਣਿਆ ਜਾਂਦਾ ਸੀ; ਅਤੇ ਜੇਕਰ ਦੋਸ਼ੀ ਵਿਅਕਤੀ ਨੂੰ

ਪਹਿਲਾਂ ਤੋਂ ਯੋਜਨਾ ਬਣਾ ਕੇ ਮਾਰਨ ਦਾ ਦੋਸ਼ੀ ਪਾਇਆ ਜਾਂਦਾ ਸੀ, ਤਾਂ ਉਸ ਨੂੰ ਸਜ਼ਾ ਦਿੱਤੀ ਜਾਂਦੀ ਸੀ (ਕੂਚ 21:12-14; ਗਿਣਤੀ 35:9-34; ਬਿਵਸਥਾ ਸਾਰ 19:1-13)। ਇਹੀ ਸਿਧਾਂਤ ਮਸੀਹ ਦੇ ਨਿਯਮ ਦੇ ਅਧੀਨ ਲਾਗੂ ਹੁੰਦਾ ਹੈ। ਪੌਲੁਸ ਨੇ ਰੋਮ ਦੀ ਕਲੀਸੀਆ ਨੂੰ ਲਿਖੀ ਆਪਣੀ ਪੱਤ੍ਰੀ ਵਿਚ ਇਸ ਗੱਲ ਨੂੰ ਕਬੂਲ ਕੀਤਾ ਹੈ ਕਿ ਨਾਗਰਿਕ ਸਰਕਾਰ ਦੇ ਕੋਲ "ਕੁਕਰਮੀ ਨੂੰ ਸਜ਼ਾ" ਦੇਣ ਦੇ ਲਈ ਉਸ ਦੇ ਵਿਰੁੱਧ ਜੱਲਾਦ ਦੀ ਤਲਵਾਰ ਚਲਵਾਉਣ ਦਾ ਅਧਿਕਾਰ ਹੈ (ਰੋਮੀਆਂ 13:4)। ਇੱਥੋਂ ਤੱਕ ਕਿ ਆਪਣੇ ਆਪ ਦੇ ਵਿਸ਼ੇ ਵਿਚ ਵੀ ਇਹ ਕਹਿ ਕੇ ਪੌਲੁਸ ਨੇ ਕੈਸਰ ਦੀ ਸਜ਼ਾ ਨੂੰ ਉਚਿਤ ਠਹਿਰਾਇਆ ਕਿ ਜੇਕਰ ਮੈਂ "ਕਤਲ ਦੇ ਲਾਇਕ" ਕੋਈ ਕੰਮ ਕੀਤਾ ਹੋਵੇ ਤਾਂ ਮੈਂ ਕਤਲ ਹੋਣ ਵਿਚ ਉਜ਼ਰ ਨਹੀਂ ਕਰਦਾ (ਰਸੂਲਾਂ ਦੇ ਕਰਤੱਬ 25:11)।

ਇੱਕ ਹੋਰ ਸਵਾਲ ਉੱਠਦਾ ਹੈ: ਪਰਮੇਸ਼ੁਰ ਇਹ ਮੰਗ *ਕਿਉਂ* ਕਰਦਾ ਹੈ ਕਿ ਕਾਤਲ ਨੂੰ ਮਾਰਿਆ ਜਾਵੇ? ਇੱਕ ਬਾਹਰੀ ਉੱਤਰ ਇਹ ਹੋ ਸਕਦਾ ਹੈ ਕਿ ਮਨੁੱਖੀ ਜੀਵਨ ਪਵਿੱਤਰ ਹੈ ਕਿਉਂਕਿ ਇਹ ਪਰਮੇਸ਼ੁਰ ਦੀ ਸਰਿਸ਼ਟੀ ਦਾ ਇੱਕ ਹਿੱਸਾ ਹੈ। ਜਦਕਿ, ਬੇਸ਼ੱਕ ਇਹ ਸੱਚ ਹੈ ਕਿ ਮਨੁੱਖ ਨੂੰ ਇਹ ਚੇਤਨਾ ਅਣਜਾਣੇ ਵਿਚ ਪ੍ਰਾਪਤ ਨਹੀਂ ਹੋਈ ਹੈ, ਇਹ ਸੋਚਣਾ ਕੋਈ ਖਾਸ ਡੂੰਘੀ ਗੱਲ ਨਹੀਂ ਹੈ। ਕਤਲ ਨੂੰ ਗ਼ੈਰ-ਕਾਨੂੰਨੀ ਬਣਾਉਣ ਦਾ ਗਹਿਰਾ ਕਾਰਣ ਇਹ ਹੈ ਕਿ ਮਨੁੱਖੀ ਜੀਵਨ ਗੁਣਾਤਮਕ ਤੌਰ ਤੇ ਧਰਤੀ ਉੱਤਲੇ ਸਾਰੇ ਹੋਰਨਾਂ ਜੀਵਨਾਂ ਤੋਂ ਵੱਖਰਾ ਹੈ। ਪ੍ਰਭੂ ਨੇ ਇਸ ਗੱਲ ਨੂੰ ਨਿਰਧਾਰਤ ਕੀਤਾ ਸੀ ਕਿ ਜੇਕਰ ਕਿਸੇ ਮਨੁੱਖ ਨੂੰ ਕਤਲ ਦਾ ਦੋਸ਼ੀ ਠਹਿਰਾਇਆ ਜਾਂਦਾ ਹੈ ਤਾਂ ਉਸ ਨੂੰ ਜ਼ਰੂਰ ਆਪਣੇ ਜੀਵਨ ਦਾ ਹਰਜ਼ਾਨਾ ਭਰਨਾ ਪਵੇਗਾ ਕਿਉਂਕਿ ਸਿਰਫ ਮਨੁੱਖ ਹੀ ਅਜਿਹਾ ਇਕਮਾਤਰ ਪ੍ਰਾਣੀ ਹੈ ਜੋ ਇਸ ਧਰਤੀ ਉੱਤੇ **ਪਰਮੇਸ਼ੁਰ ਦੇ ਸਰੂਪ** ਨੂੰ ਧਾਰਣ ਕਰਦਾ ਹੈ। ਜਦੋਂ ਲੋਕ **ਮਨੁੱਖ** ਦੇ ਅੰਦਰ ਪਰਮੇਸ਼ੁਰ ਦੇ ਸਰੂਪ ਨੂੰ ਨਜ਼ਰਅੰਦਾਜ਼ ਕਰਦੇ ਹਨ, ਤਾਂ ਮਨੁੱਖਾਂ ਦੇ ਨਾਲ ਜਾਨਵਰਾਂ ਦੇ ਸਮਾਨ ਵਿਹਾਰ ਕੀਤਾ ਜਾਂਦਾ ਹੈ ਅਤੇ ਮਨੁੱਖੀ ਜੀਵਨ ਸਸਤਾ ਹੋ ਜਾਂਦਾ ਹੈ। ਨਤੀਜੇ ਵਜੋਂ, ਇਹ ਰਵੱਈਆ ਹਰ ਤਰ੍ਹਾਂ ਦੀ ਸਮੂਹਿਕ ਹੱਤਿਆ ਅਤੇ ਜ਼ੁਲਮ ਦਾ ਕਾਰਣ ਬਣਦਾ ਹੈ, ਕਿਉਂਕਿ ਇਹ ਮਨੁੱਖੀ ਸ਼ਖਸੀਅਤ ਜਾਂ ਪਰਮੇਸ਼ੁਰ ਦਾ ਆਦਰ ਕਰਨ ਦੇ ਕਿਸੇ ਵੀ ਆਧਾਰ ਨੂੰ ਮਿਟਾ ਦਿੰਦਾ ਹੈ ਜਿਸ ਨੇ ਮਨੁੱਖ ਨੂੰ ਆਪਣਾ ਪਰਤਾਪ ਬਖਸ਼ਿਆ ਹੈ।

ਇੱਥੋਂ ਤੱਕ ਕਿ ਇਸ ਵਿਚਾਰ ਦੇ ਨਾਲ ਵੀ ਇੱਕ ਵਿਵਾਦ ਉੱਠਦਾ ਹੈ। ਕਿਉਂਕਿ ਇੱਕ ਪਾਸੇ ਪਰਮੇਸ਼ੁਰ ਰਚਣਹਾਰਾ ਹੈ ਅਤੇ ਉਹੀ ਇਕੱਲਾ ਹੈ ਜੋ ਜੀਵਨ ਦੇ ਸਕਦਾ ਹੈ, ਇਹ ਨਿਯਮਾਨੁਸਾਰ ਹੈ ਕਿ ਸਿਰਫ ਉਸੇ ਨੂੰ ਹੀ ਜੀਵਨ ਲੈਣ ਦਾ ਵੀ ਅਧਿਕਾਰ ਹੈ। ਦੂਜੇ ਪਾਸੇ, ਜਦੋਂ ਪ੍ਰਭੂ ਨੇ ਮਨੁੱਖ ਨੂੰ ਕਤਲ ਕਰਨ ਵਾਲਿਆਂ ਨੂੰ ਸਜ਼ਾ ਦੇਣ ਦਾ ਅਧਿਕਾਰ ਦਿੱਤਾ ਹੈ, ਤਾਂ ਉਹ ਆਪਣਾ ਅਧਿਕਾਰ ਉਸ ਨੂੰ ਸੌਂਪਦਾ ਹੈ। ਉਸ ਸਮੇਂ ਉਹ ਵਿਅਕਤੀ ਅਪਰਾਧੀਆਂ ਨੂੰ ਅਜਿਹੀ ਸਜ਼ਾ ਦੇਣ ਦੇ ਲਈ ਪਰਮੇਸ਼ੁਰ ਦਾ ਇੱਕ ਸਾਧਨ ਬਣ ਜਾਂਦਾ ਹੈ; ਇਸ ਲਈ, ਉਸ ਦੇ ਉੱਤੇ ਕਿਸੇ ਵੀ ਅਪਰਾਧ ਦਾ ਦੋਸ਼ ਨਹੀਂ ਹੁੰਦਾ ਹੈ।

**ਆਇਤ 7.** ਇਸ ਸਮੱਗਰੀ ਦਾ ਪਹਿਲਾ ਭਾਗ 9:1 ਵਿਚ ਉਪਦੇਸ਼ ਦੇ ਕੁਝ ਸ਼ਬਦਾਂ ਤੋਂ ਇਲਾਵਾ ਜ਼ਰੂਰੀ ਸ਼ਬਦਾਂ ਦੇ ਦੁਹਰਾਏ ਜਾਣ ਦੇ ਦੁਆਰਾ ਬੰਦ ਹੁੰਦਾ ਹੈ। ਪਰਮੇਸ਼ੁਰ ਨੇ ਕਿਹਾ, **ਤੁਸੀਂ ਫਲੋ ਅਰ ਵਧੋ। ਧਰਤੀ ਉੱਤੇ ਫੈਲੋ ਅਰ ਉਸ ਉੱਤੇ ਵਧੋ।** ਜਲ ਪਰਲੋ ਵਿਚ ਬਚੇ ਹੋਏ ਲੋਕਾਂ ਦੀ ਜੀਵਨ ਸ਼ੈਲੀ ਉਨ੍ਹਾਂ ਲੋਕਾਂ ਦੇ ਉਲਟ ਹੈ ਜੋ ਨੈਫਿਲਿਮ ਦੇ ਦਿਨਾਂ ਵਿਚ ਹਿੰਸਾ ਦਾ ਅਭਿਆਸ ਕਰਦੇ ਹਨ (6:4)। ਜਲ ਪਰਲੋ ਤੋਂ ਪਹਿਲਾਂ ਦੇ ਕਤਲਾਂ ਤੋਂ ਅਲੱਗ ਜਿਨ੍ਹਾਂ ਨੇ ਜੀਵਨ ਨੂੰ ਤਬਾਹ ਕੀਤਾ ਸੀ, ਨੂਹ ਅਤੇ ਉਸ ਦਾ ਪਰਿਵਾਰ ਜੀਵਨ ਦੀ ਸੂਚਨਾ ਦੇਣ ਵਾਲੇ ਅਤੇ ਪ੍ਰਚਾਰਕ ਸਨ, ਜਿਵੇਂ ਸ਼ੁਰੂਆਤ ਵਿਚ ਆਦਮ ਅਤੇ ਹਵਾ ਸਨ (1:28)।

9:7 ਦਾ ਹੁਕਮ ਇੱਕ ਬਹੁਵਚਨ ਪੜਨਾਂਵ ਦੇ ਦੁਆਰਾ ਸ਼ੁਰੂ ਹੁੰਦਾ ਹੈ, ਤਾਂ ਕਿ ਸਵਾਗਤੀ

ਸ਼ਬਦਾਵਲੀ ਨੂੰ ਪੇਸ਼ ਕੀਤਾ ਜਾ ਸਕੇ। ਇਹ ਮੁੱਖ ਤੌਰ ਤੇ ਨੂਹ ਦੇ ਪੁੱਤਰਾਂ ਨੂੰ ਦਰਸਾਉਂਦਾ ਹੈ ਕਿਉਂਕਿ ਉਨ੍ਹਾਂ ਨੇ ਉਹ ਜਾਤੀਆਂ ਹੋਣਾ ਸੀ ਜੋ ਰਾਸ਼ਟਰਾਂ ਨੂੰ ਜਨਮ ਦੇਣਗੀਆਂ ਅਤੇ ਧਰਤੀ ਉੱਤੇ ਪੁਨਰ-ਨਿਰਮਾਣ ਕਰਨਗੀਆਂ, ਜਿਵੇਂ ਕਿ ਰਾਸ਼ਟਰਾਂ ਦੀ ਸੂਚੀ ਵਿਚ ਵੀ ਦੱਸਿਆ ਗਿਆ ਹੈ (10:1-32)।

# ਪਰਮੇਸ਼ੁਰ ਦਾ ਨੇਮ ਅਤੇ ਚਿੰਨ੍ਹ (9:8-17)

**ਨੇਮ (9:8-11)**

**8ਤਾਂ ਪਰਮੇਸ਼ੁਰ ਨੂਹ ਨਾਲ ਅਰ ਉਹ ਦੇ ਪੁੱਤ੍ਰਾਂ ਨਾਲ ਵੀ ਬੋਲਿਆ ਕਿ, 9ਮੈਂ, ਵੇਖੋ, ਮੈਂ ਹੀ ਆਪਣਾ ਨੇਮ ਤੁਹਾਡੇ ਨਾਲ ਅਰ ਤੁਹਾਡੇ ਪਿੱਛੋਂ ਤੁਹਾਡੀ ਅੰਸ ਨਾਲ ਬੰਨ੍ਹਾਂਗਾ। 10ਨਾਲੇ ਹਰ ਜੀਉਂਦੇ ਪ੍ਰਾਣੀ ਨਾਲ ਜੋ ਤੁਹਾਡੇ ਸੰਗ ਹੈ ਅਰਥਾਤ ਪੰਛੀ ਡੰਗਰ ਅਤੇ ਧਰਤੀ ਦੇ ਹਰ ਜਾਨਵਰ ਨਾਲ ਜੋ ਤੁਹਾਡੇ ਸੰਗ ਹੈ ਸਗੋਂ ਹਰ ਇੱਕ ਦੇ ਨਾਲ ਜਿਹੜਾ ਕਿਸ਼ਤੀ ਤੋਂ ਨਿੱਕਲਿਆ ਹੈ ਅਰ ਧਰਤੀ ਦੇ ਹਰ ਇੱਕ ਜਾਨਵਰ ਨਾਲ ਵੀ। 11ਸੋ ਮੈਂ ਆਪਣਾ ਨੇਮ ਤੁਹਾਡੇ ਨਾਲ ਬੰਨ੍ਹਾਂਗਾ ਅਤੇ ਸਾਰੇ ਸਰੀਰਾਂ ਦਾ ਨਾਸ ਫੇਰ ਪਰਲੋ ਦੇ ਪਾਣੀਆਂ ਦੇ ਰਾਹੀਂ ਨਾ ਕੀਤਾ ਜਾਵੇਗਾ ਅਰ ਨਾ ਪਰਲੋ ਧਰਤੀ ਦੇ ਨਾਸ ਕਰਨ ਦੇ ਲਈ ਫੇਰ ਆਵੇਗੀ।**

**ਆਇਤ 8.** ਨੂਹ ਅਤੇ ਉਸ ਦੇ ਪਰਿਵਾਰ ਦੇ ਕਿਸ਼ਤੀ ਵਿਚ ਦਾਖਲ ਹੋਣ ਤੋਂ ਪਹਿਲਾਂ, ਪਰਮੇਸ਼ੁਰ ਨੇ ਉਨ੍ਹਾਂ ਦੇ ਨਾਲ ਇਕਰਾਰਨਾਮਾ ਕੀਤਾ (6:18)। ਉਸ ਨੇ ਉਨ੍ਹਾਂ ਨੂੰ ਆਉਣ ਵਾਲੀ ਜਲ ਪਰਲੋ ਤੋਂ ਬਚਾਉਣ ਦਾ ਵਾਇਦਾ ਕੀਤਾ ਸੀ। ਉਸ ਨੇ ਇਹ ਕੀਤਾ ਸੀ, ਪਰ ਉਸ ਨੇ ਇਸ ਤੋਂ ਵੀ ਵੱਧ ਕੇ ਵਾਇਦਾ ਕੀਤਾ ਸੀ।

ਨੂਹ ਨਾਲ ਅਰ ਉਹ ਦੇ ਪੁੱਤਰਾਂ ਨਾਲ ਉਨ੍ਹਾਂ ਵਿਸ਼ੇਸ਼ ਅਧਿਕਾਰਾਂ ਅਤੇ ਪਾਬੰਦੀਆਂ ਦੇ ਵਿਸ਼ੇ ਵਿਚ ਗੱਲ ਕਰਨ ਤੋਂ ਬਾਅਦ ਜਿਨ੍ਹਾਂ ਨੂੰ ਸ਼ੁੱਧ ਕੀਤੇ ਹੋਏ ਸੰਸਾਰ ਵਿਚ ਉਨ੍ਹਾਂ ਨੇ ਦਿਲ ਵਿਚ ਰੱਖਣਾ ਸੀ, **ਪਰਮੇਸ਼ੁਰ** ਇੱਕ ਨਵੇਂ ਮਾਮਲੇ ਵੱਲ ਮੁੜਿਆ। ਉਨ੍ਹਾਂ ਦੇ ਲਈ ਵਧੇਰੇ ਚੇਤਾਵਨੀਆਂ ਦੀ ਬਜਾਇ ਪ੍ਰਭੂ ਨੇ ਉਨ੍ਹਾਂ ਕੰਮਾਂ ਦਾ ਖੁਲਾਸਾ ਕੀਤਾ ਜੋ ਉਹ ਉਨ੍ਹਾਂ ਦੇ ਪੱਖ ਵਿਚ ਕਰਨ ਵਾਲਾ ਸੀ।

**ਆਇਤ 9.** ਪਰਮੇਸ਼ੁਰ ਨੇ ਵਾਇਦਾ ਕੀਤਾ ਕਿ ਮੈਂ ਆਪਣਾ **ਨੇਮ** ਉਨ੍ਹਾਂ ਦੇ ਨਾਲ ਅਤੇ ਉਨ੍ਹਾਂ ਦੀ **ਅੰਸ** ਦੇ ਨਾਲ **ਬੰਨ੍ਹਾਂਗਾ (**קוּם, *ਕੁਮ*) ਜਾਂ "ਦ੍ਰਿੜ ਕਰਾਂਗਾ।"[5] ਇਬਰਾਨੀ ਕਿਰਿਆ *ਕਿਯੁਮ* ਪ੍ਰੇਰਣਾਤਮਕ ਰੂਪ ਵਿਚ ਹੈ ਅਤੇ ਸ਼ਾਬਦਿਕ ਤੌਰ ਤੇ ਇਸਦਾ ਅਰਥ "ਖੜ੍ਹੇ ਹੋਣ ਲਈ, ਖੜ੍ਹਾ ਕਰਨ ਲਈ" ਹੈ।[6] ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਪਰਮੇਸ਼ੁਰ ਕਿਸ਼ਤੀ ਵਿਚੋਂ ਨਿਕਲੇ ਨਿਵਾਸੀਆਂ ਦੇ ਨਾਲ ਇੱਕ ਨਵਾਂ ਸੰਬੰਧ (ਨੇਮ) "ਬੰਨ੍ਹੇਗਾ" ਜਾਂ, ਇਸ ਸੰਦਰਭ ਵਿਚ ਅਜਿਹਾ ਹੈ ਕਿ ਹੁਣ ਉਹ 6:18 ਵਿਚ ਨੂਹ ਦੇ ਨਾਲ ਕੀਤੇ ਗਏ ਮੂਲ ਨੇਮ ਦੇ ਵਾਇਦੇ ਵਿਚ ਜੋ ਲਾਗੂ ਕੀਤਾ ਗਿਆ ਸੀ ਉਸ ਨੂੰ ਪੂਰਾ ਕਰੇਗਾ, ਜਾਂ ਲਾਗੂ ਕਰੇਗਾ।

**ਆਇਤਾਂ 10, 11.** ਇਹ ਨੇਮ **ਪੰਛੀ ਡੰਗਰ ਅਤੇ ਧਰਤੀ ਦੇ ਹਰ ਜਾਨਵਰ ਨਾਲ**, ਸਗੋਂ **ਹਰ ਇੱਕ ਦੇ ਨਾਲ ਜਿਹੜਾ ਕਿਸ਼ਤੀ ਤੋਂ ਨਿੱਕਲਿਆ ਹੈ** [ਸੀ]। ਪਰਮੇਸ਼ੁਰ ਦਾ ਨੇਮ ਇਹ ਸੀ ਕਿ **ਸਾਰੇ ਸਰੀਰਾਂ ਅਤੇ ਧਰਤੀ** ਦਾ ਨਾਸ **ਫੇਰ ਪਰਲੋ ਦੇ ਪਾਣੀਆਂ ਦੇ ਰਾਹੀਂ ਨਾ ਕੀਤਾ ਜਾਵੇਗਾ**।

ਇਹ ਇੱਕ ਤਰਫਾ ਨੇਮ ਹੈ, ਜਿਸ ਦਾ ਅਰਥ ਹੈ ਕਿ ਇਸ ਨੂੰ ਕਾਇਮ ਰੱਖਣ ਦੀ ਪੂਰੀ ਜ਼ਿੰਮੇਵਾਰੀ ਪਰਮੇਸ਼ੁਰ ਦੇ ਉੱਤੇ ਹੈ। ਭਾਵੇਂ ਭਵਿੱਖ ਵਿਚ ਮਨੁੱਖ ਕਿੰਨਾ ਵੀ ਪਾਪੀ ਬਣ ਜਾਵੇ (ਵੇਖੋ 8:21), ਪਰ ਪਰਮੇਸ਼ੁਰ ਧਰਤੀ ਨੂੰ ਪੂਰੀ ਤਰ੍ਹਾਂ ਦੇ ਨਾਲ ਤਬਾਹ ਕਰਨ ਦੇ ਲਈ ਦੂਸਰੀ ਜਲ

ਪਰਲੋ ਕਦੀ ਵੀ ਨਹੀਂ ਭੇਜੇਗਾ। ਫਿਰ, ਇੱਕ ਅਰਥ ਵਿਚ ਨੇਮ ਬੇਸ਼ਰਤ ਹੈ; ਭਾਵੇਂ ਮਨੁੱਖ ਕੁਝ ਵੀ ਕਰੇ, ਪਰ ਵਾਇਦਾ ਕਦੀ ਵੀ ਰੱਦ ਨਹੀਂ ਕੀਤਾ ਜਾਵੇਗਾ। ਦੂਜੇ ਪਾਸੇ, ਜੇਕਰ ਮਨੁੱਖ ਇਸ ਧਰਤੀ ਉੱਤੇ ਲੰਬੇ ਸਮੇਂ ਤੱਕ ਜੀਉਂਦਾ ਰਹਿਣ ਅਤੇ ਵਧਣ ਅਤੇ ਫਲਣ, ਬੀਜਣ ਅਤੇ ਵੱਢਣ ਅਤੇ ਇਸ ਦੀਆਂ ਹੋਰਨਾਂ ਬਰਕਤਾਂ ਨੂੰ ਮਾਨਣਾ ਚਾਹੁੰਦਾ ਹੈ (8:22; 9:1, 7) ਤਾਂ ਉਸ ਨੂੰ ਵਰਜਿਤ ਕੰਮਾਂ ਤੋਂ ਬਚਣਾ ਚਾਹੀਦਾ ਹੈ। ਉਹ ਲੋਕ ਜੋ ਲਹੂ ਖਾਂਦੇ ਅਤੇ ਖ਼ੂਨ ਕਰਦੇ ਹਨ ਉਹ ਉਸ ਸੰਸਾਰ ਦੇ ਨਾਲ ਸੰਬੰਧ ਨਹੀਂ ਰੱਖਦੇ ਹਨ ਜੋ ਸਾਰੀ ਬੁਰਾਈ ਤੋਂ ਸ਼ੁੱਧ ਕੀਤਾ ਹੋਇਆ ਹੈ (ਵੇਖੋ 9:4-6)। ਭਵਿੱਖ ਵਿਚ ਅਜਿਹੇ ਰੱਬੀ ਨਿਆਂ ਦੀ ਸੰਭਾਵਨਾ ਅਜੇ ਵੀ ਹੈ, ਪਰ ਅਜਿਹੀ ਸਜ਼ਾ ਇੱਕ ਵਿਆਪਕ ਹੜ੍ਹ ਦੇ ਰੂਪ ਵਿਚ ਅਨੁਭਵ ਨਹੀਂ ਕੀਤੀ ਜਾਵੇਗੀ।

**ਚਿੰਨ੍ਹ (9:12-17)**

**[12]ਤਦ ਪਰਮੇਸ਼ੁਰ ਨੇ ਆਖਿਆ, ਇਹ ਉਸ ਨੇਮ ਦਾ ਨਿਸ਼ਾਨ ਹੈ ਜਿਹੜਾ ਮੈਂ ਆਪਣੇ ਅਰ ਤੁਹਾਡੇ ਅਰ ਹਰ ਜੀਉ ਜੰਤ ਵਿੱਚ ਜੋ ਤੁਹਾਡੇ ਸੰਗ ਹੈ ਪੀੜ੍ਹੀਓਂ ਪੀੜ੍ਹੀ ਸਦਾ ਲਈ ਦਿੰਦਾ ਹਾਂ।**
**[13]ਮੈਂ ਆਪਣੀ ਧਣੁਕ ਬੱਦਲ ਵਿੱਚ ਰੱਖੀ ਹੈ। ਉਹ ਉਸ ਨੇਮ ਦੇ ਨਿਸ਼ਾਨ ਲਈ ਹੋਵੇਗੀ ਜੋ ਮੇਰੇ ਅਰ ਧਰਤੀ ਵਿੱਚ ਹੋਵੇਗਾ ਅਤੇ ਐਉਂ ਹੋਵੇਗਾ ਜਦ ਮੈਂ ਬੱਦਲ ਧਰਤੀ ਉੱਪਰ ਲਿਆਵਾਂਗਾ ਤਦ ਉਹ ਧਣੁਕ ਬੱਦਲ ਵਿੱਚ ਦਿੱਸੇਗੀ। [14]ਅਤੇ ਐਉਂ ਹੋਵੇਗਾ ਜਦ ਮੈਂ ਬੱਦਲ ਧਰਤੀ ਉੱਪਰ ਲਿਆਵਾਂਗਾ ਤਦ ਉਹ ਧਣੁਕ ਬੱਦਲ ਵਿੱਚ ਦਿੱਸੇਗੀ। [15]ਅਤੇ ਮੈਂ ਆਪਣੇ ਨੇਮ ਨੂੰ ਜੋ ਮੇਰੇ ਅਰ ਤੁਹਾਡੇ ਅਰ ਸਾਰੇ ਜੀਉਂਦੇ ਪ੍ਰਾਣੀਆਂ ਦੇ ਸਰੀਰਾਂ ਵਿੱਚ ਹੈ ਚੇਤੇ ਕਰਾਂਗਾ ਅਰ ਪਰਲੋ ਦੇ ਪਾਣੀ ਫੇਰ ਸਾਰੇ ਸਰੀਰਾਂ ਦੇ ਨਾਸ ਕਰਨ ਨਹੀਂ ਆਉਣਗੇ। [16]ਧਣੁਕ ਬੱਦਲ ਵਿੱਚ ਹੋਵੇਗੀ ਅਤੇ ਮੈਂ ਉਹ ਨੂੰ ਵੇਖਕੇ ਉਸ ਸਦੀਪਕ ਨੇਮ ਨੂੰ ਜਿਹੜਾ ਪਰਮੇਸ਼ੁਰ ਅਰ ਸਾਰੇ ਜੀਉਂਦੇ ਪ੍ਰਾਣੀਆਂ ਦੇ ਸਰੀਰਾਂ ਵਿੱਚ ਹੈ ਜੋ ਧਰਤੀ ਉੱਤੇ ਹਨ ਚੇਤੇ ਕਰਾਂਗਾ। [17]ਅਤੇ ਪਰਮੇਸ਼ੁਰ ਨੇ ਨੂਹ ਨੂੰ ਆਖਿਆ ਕਿ ਏਹੋ ਉਸ ਨੇਮ ਦਾ ਨਿਸ਼ਾਨ ਹੈ ਜਿਹੜਾ ਮੈਂ ਆਪਣੇ ਅਰ ਧਰਤੀ ਦੇ ਸਾਰੇ ਸਰੀਰਾਂ ਦੇ ਵਿਚਕਾਰ ਬੰਨ੍ਹਿਆ ਹੈ।**

**ਆਇਤਾਂ 12, 13.** ਨੂਹ ਅਤੇ ਉਸ ਦਾ ਪਰਿਵਾਰ ਜਲ ਪਰਲੋ ਦੇ ਦੁਆਰਾ ਦੁਸ਼ਟਾਂ ਨੂੰ ਵਹਾ ਲੈ ਜਾਣ ਦੀ ਪਰਮੇਸ਼ੁਰ ਦੀ ਭਿਆਨਕ ਸਮਰੱਥ ਦੇ ਗਵਾਹ ਬਣਿਆ ਅਤੇ ਉਨ੍ਹਾਂ ਨੇ ਵਿਅਕਤੀਗਤ ਤੌਰ ਤੇ ਉਸ ਦੀ ਅਦਭੁਤ ਦਯਾ ਨੂੰ ਵੀ ਮਹਿਸੂਸ ਕੀਤਾ ਕਿਉਂਕਿ ਉਸ ਨੇ ਉਨ੍ਹਾਂ ਨੂੰ ਉਸ ਆਫ਼ਤ ਭਰੀ ਘਟਨਾ ਵਿਚ ਨਾਸ ਹੋਣ ਤੋਂ ਬਚਾ ਲਿਆ ਸੀ। ਉਨ੍ਹਾਂ ਦੇ ਲਈ ਪ੍ਰਭੂ ਦਾ ਵਾਇਦਾ ਕਿ ਉਹ ਦੁਬਾਰਾ ਇਸ ਤਰ੍ਹਾਂ ਦੇ ਕੰਮ ਨੂੰ ਨਹੀਂ ਦੁਹਰਾਏਗਾ ਕਾਫ਼ੀ ਸੀ। ਕਿਉਂਕਿ ਭਵਿੱਖ ਵਿਚ **ਪੀੜ੍ਹੀਓਂ ਪੀੜ੍ਹੀ** ਆਉਣ ਵਾਲੇ ਲੋਕ ਵੱਖਰੇ ਤਰੀਕੇ ਦੇ ਨਾਲ ਪ੍ਰਤਿਉੱਤਰ ਦੇ ਸਕਦੇ ਹਨ, ਇਸ ਲਈ ਇੱਕ **ਨਿਸ਼ਾਨ** ਦੇ ਦੁਆਰਾ ਪਰਮੇਸ਼ੁਰ ਨੇ ਇਸ **ਨੇਮ** ਦੇ ਵਾਇਦੇ ਨੂੰ ਮੋਹਰਬੰਦ ਕਰ ਦਿੱਤਾ (ਵੇਖੋ ਟਿੱਪਣੀਆਂ 9:17)। ਉਸ ਨੇ ਕਿਹਾ ਕਿ ਉਹ **ਆਪਣੀ ਧਣੁਕ ਬੱਦਲ ਵਿਚ** ਰੱਖੇਗਾ।

**ਆਇਤਾਂ 14, 15.** ਕਿਉਂਕਿ ਸ਼ਬਦ **ਧਣੁਕ** (*קֶשֶׁת*, *ਕੇਸ਼ੇਥ*) ਤੀਰਅੰਦਾਜ਼ ਦੇ ਧਣੁਕ ਅਤੇ ਸਤਰੰਗੀ ਪੀਂਘ ਦੋਵਾਂ ਨੂੰ ਦਰਸਾਉਂਦਾ ਹੈ,[7] ਕੁਝ ਵਿਦਵਾਨਾਂ ਦਾ ਸੁਝਾਅ ਹੈ ਕਿ ਇਸ ਚਿੱਤਰ ਵਿਚ ਪਰਮੇਸ਼ੁਰ ਨੂੰ ਇੱਕ ਯੋਧੇ ਦੇ ਰੂਪ ਵਿਚ ਦਰਸਾਇਆ ਗਿਆ ਹੈ (ਕੂਚ 15:3; ਯਸਾਯਾਹ 42:13; ਸਫ਼ਨਯਾਹ 3:17), ਜੋ ਇੱਕ ਸ਼ਕਤੀਸ਼ਾਲੀ ਧਣੁਕ ਦੇ ਨਾਲ ਆਪਣੇ ਤੀਰ ਅਤੇ ਬਿਜਲੀ ਨੂੰ ਲਿਸ਼ਕਾਉਂਦਾ ਹੈ (ਜ਼ਬੂਰਾਂ 7:13; 18:14; ਹਬੱਕੂਕ 3:11)। ਉਹ ਦਲੀਲ ਦਿੰਦੇ ਹਨ ਕਿ ਜਲ ਪਰਲੋ ਤੋਂ ਬਾਅਦ ਪਰਮੇਸ਼ੁਰ ਨੇ ਵਾਇਦਾ ਕੀਤਾ ਕਿ ਉਹ ਆਪਣੇ ਧਣੁਕ ਨੂੰ **ਬੱਦਲ ਵਿੱਚ** ਰੱਖੇਗਾ

ਤਾਂ ਕਿ ਇਸ ਗੱਲ ਨੂੰ ਪੱਕਾ ਕਰੇ ਕਿ ਉਹ ਦੂਜੀ ਵਾਰ ਵੱਡੀ **ਪਰਲੋ** ਦੇ ਨਾਲ ਸੰਸਾਰ ਦਾ **ਫੇਰ . . . ਨਾਸ** ਨਹੀਂ ਕਰੇਗਾ। ਪਰ, ਨੂਹ ਦੇ ਸਮੇਂ ਤੋਂ ਬਹੁਤ ਸਮੇਂ ਬਾਅਦ ਤੱਕ ਅਜਿਹੇ ਧਣੁਕ ਚਿੰਨ੍ਹਾਂ ਦਾ ਨਾ ਬਾਈਬਲ ਵਿਚ ਅਤੇ ਨਾ ਹੀ ਬਾਹਰੀ ਸ੍ਰੋਤਾਂ ਵਿਚ ਕੋਈ ਵੇਰਵਾ ਮਿਲਦਾ ਹੈ।[8] ਤਾਂ ਫਿਰ ਇਹ ਸੰਦੇਹਪੂਰਣ ਲੱਗਦਾ ਹੈ ਕਿ ਜੋ ਪਰਮੇਸ਼ੁਰ ਨੇ ਨੂਹ ਉੱਤੇ ਪਰਗਟ ਕੀਤਾ, ਅਸੀਂ ਉਸ ਤੋਂ ਵੱਧ ਕੇ ਧਣੁਕ ਦੇ ਬਾਰੇ ਅਨੁਮਾਨ ਲਗਾਈਏ। ਜਲ ਪਰਲੋ ਦੇ ਸੰਬੰਧ ਵਿਚ, ਇਹ ਇੱਕ ਯੁੱਧ ਵਿਚ ਜਿੱਤ ਦਾ ਨਿਸ਼ਾਨ ਨਹੀਂ, ਪਰ ਪਰਮੇਸ਼ੁਰ ਦੀ ਕਿਰਪਾ ਦਾ ਇੱਕ ਨਿਸ਼ਾਨ ਅਤੇ ਇੱਕ ਯਾਦਗਾਰ ਹੈ ਕਿ ਉਹ ਆਪਣੇ ਵਾਇਦੇ ਦੇ ਪ੍ਰਤਿ ਵਿਸ਼ਵਾਸਯੋਗ ਹੈ ਕਿ ਉਹ ਦੁਬਾਰਾ ਪਰਲੋ ਦੇ **ਪਾਣੀ** ਦੇ ਦੁਆਰਾ ਕਦੇ ਵੀ **ਸਾਰੇ ਸਰੀਰਾਂ** ਦਾ ਨਾਸ ਨਹੀਂ ਕਰੇਗਾ।

**ਆਇਤ 16.** ਇਹ ਬਿਆਨ ਕਿ **ਪਰਮੇਸ਼ੁਰ** ਆਪਣਾ **ਧਣੁਕ ਬੱਦਲ ਵਿੱਚ** ਰੱਖੇਗਾ . . . **ਉਸ ਸਦੀਪਕ ਨੇਮ ਨੂੰ ਜਿਹੜਾ . . . ਚੇਤੇ ਕਰਾਂਗਾ** ਪ੍ਰਭੂ ਅਤੇ ਉਸ ਦੇ ਲੋਕਾਂ ਦੇ ਵਿਚਕਾਰ ਇੱਕ ਰਿਸ਼ਤੇ ਦੀ ਭਾਵਨਾ ਦਾ ਉਪਯੋਗ ਹੈ। ਸ਼ਬਦ "ਚੇਤੇ" (זָכַר, *ਜ਼ਕਰ*) ਇਹ ਨਹੀਂ ਦੱਸਦਾ ਕਿ ਪਰਮੇਸ਼ੁਰ ਨੂੰ ਭੁੱਲ ਜਾਣ ਦਾ ਖਤਰਾ ਹੈ ਅਤੇ ਉਸ ਦਾ ਚੇਤਾ ਕਰਵਾਉਣ ਦੇ ਲਈ ਬੱਦਲਾਂ ਦੇ ਵਿਚ ਇੱਕ ਨਿਸ਼ਾਨ ਦੀ ਲੋੜ ਹੈ। ਇਸ ਦੀ ਬਜਾਇ, ਪ੍ਰਭੂ ਮਨੁੱਖਜਾਤੀ ਨੂੰ ਭਰੋਸਾ ਦਿਵਾਉਂਦਾ ਹੈ ਕਿ ਧਣੁਕ ਉਨ੍ਹਾਂ ਦੇ ਲਈ "ਵਫ਼ਾਦਾਰੀ ਦਾ ਸਬੂਤ"[9] ਹੈ।

ਉਤਪਤ 19:29 ਵਿਚ ਲਿਖਿਆ ਹੈ ਕਿ "ਪਰਮੇਸ਼ੁਰ ਨੇ ਅਬਰਾਹਾਮ ਨੂੰ ਚੇਤੇ ਕੀਤਾ" ਅਰਥਾਤ, ਉਸ ਦਾ ਨੇਮ ਪੂਰਵਜਾਂ ਦੇ ਨਾਲ ਵਾਇਦਾ ਕਰਦਾ ਹੈ, ਜਦੋਂ ਉਸ ਨੇ ਲੂਤ ਨੂੰ ਸਦੋਮ ਅਤੇ ਅਮੂਰਾਹ ਤੇ ਡਿੱਗਣ ਵਾਲੀ ਅੱਗ ਅਤੇ ਗੰਧਕ ਤੋਂ ਬਚਾਇਆ ਸੀ। ਇਸ ਤੋਂ ਇਲਾਵਾ, ਪ੍ਰਭੂ ਨੇ ਮੂਸਾ ਨੂੰ ਕਿਹਾ ਕਿ ਉਹ ਇਸਰਾਏਲ ਦੇ ਲੋਕਾਂ ਨੂੰ ਸੂਚਨਾ ਦੇਵੇ ਕਿ ਪਰਮੇਸ਼ੁਰ ਨੇ ਆਪਣੇ "ਨੇਮ" ਨੂੰ "ਚੇਤੇ ਕੀਤਾ ਹੈ" ਕਿ ਮੈਂ ਉਨ੍ਹਾਂ ਨੂੰ "ਮਿਸਰੀਆਂ ਦੀ ਬੇਗਾਰ ਹੇਠੋਂ" "ਛੁਟਕਾਰਾ ਦਿਆਂਗਾ" (ਕੂਚ 6:5-7)। ਇਸੇ ਤਰ੍ਹਾਂ, ਨੂਹ ਦੀ ਕਹਾਣੀ ਵਿਚ ਪ੍ਰਭੂ ਦੇ ਦੁਆਰਾ ਯਾਦ ਕੀਤਾ ਜਾਣਾ ਮਹੱਤਵਪੂਰਣ ਹੈ, ਅਤੇ ਇਹ ਦੂਸਰੀ ਵਾਰ ਹੈ ਕਿ ਪੂਰਵਜਾਂ ਦਾ ਬਿਰਤਾਂਤ ਇਸ ਦੇ ਨਾਲ ਜੁੜਿਆ ਹੋਇਆ ਹੈ। 8:1 ਵਿਚ ਲਿਖਤ ਕਹਿੰਦੀ ਹੈ ਕਿ "ਫੇਰ ਪਰਮੇਸ਼ੁਰ ਨੇ ਨੂਹ ਨੂੰ . . . ਯਾਦ [*ਜ਼ਕਰ* ] ਕੀਤਾ" ਜਦੋਂ ਉਸ ਨੇ ਜਲ ਪਰਲੋ ਦੇ ਪਾਣੀ ਨੂੰ ਸਹੀ ਸਮੇਂ ਤੇ ਘੱਟ ਕੀਤਾ ਤਾਂਕਿ ਧਰਤੀ ਨੂੰ ਫਿਰ ਤੋਂ ਰਹਿਣਯੋਗ ਬਣਾਇਆ ਜਾ ਸਕੇ। ਜਲ ਪਰਲੋ ਦੇ ਦੌਰਾਨ ਪਰਮੇਸ਼ੁਰ ਦੇ ਦੁਆਰਾ ਨੂਹ ਨੂੰ ਯਾਦ ਕੀਤਾ ਜਾਣਾ ਅਤੇ ਉਸ ਤੋਂ ਬਾਅਦ ਬੱਦਲ ਵਿਚ ਧਣੁਖ, ਉਸ ਨੂੰ ਅਤੇ ਆਉਣ ਵਾਲੀਆਂ ਭਵਿੱਖ ਦੀਆਂ ਸਾਰੀਆਂ ਪੀੜ੍ਹੀਆਂ ਨੂੰ ਯਕੀਨ ਦਵਾਉਂਦਾ ਹੈ ਕਿ ਪਰਮੇਸ਼ੁਰ ਆਪਣੇ ਨੇਮ ਅਤੇ ਵਾਇਦਿਆਂ ਦੇ ਪ੍ਰਤਿ ਵਫ਼ਾਦਾਰ ਹੈ। ਉਸ ਦੇ ਨੇਮ ਉਸ ਦੇ ਚਰਿੱਤਰ ਨਾਲ ਜੁੜੇ ਹੋਏ ਹਨ।

**ਆਇਤ 17.** ਧਣੁਖ ਉਸ **ਨੇਮ ਦਾ ਨਿਸ਼ਾਨ ਹੈ ਜਿਹੜਾ** ਪਰਮੇਸ਼ੁਰ ਨੇ [ਆਪਣੇ ਆਪ] **ਆਪਣੇ ਅਰ ਧਰਤੀ ਦੇ ਸਾਰੇ ਸਰੀਰਾਂ ਦੇ ਵਿਚਕਾਰ ਬੰਨ੍ਹਿਆ ਹੈ**। ਸ਼ਬਦ "ਨਿਸ਼ਾਨ" (אוֹת, *ਓਥ)* ਜਿਸ ਦਾ ਪ੍ਰਯੋਗ ਇੱਥੇ ਕੀਤਾ ਗਿਆ ਹੈ ਉਹ ਕਈ ਹਵਾਲਿਆਂ ਵਿਚ, ਖਾਸ ਤੌਰ ਤੇ ਪਰਮੇਸ਼ੁਰ ਦੇ ਚਮਤਕਾਰੀ ਕੰਮਾਂ ਵਿੱਚ ਜੋ ਮਿਸਰ ਵਿਚ, ਉਜਾੜ ਵਿਚ ਅਤੇ ਕਨਾਨ ਦੀ ਧਰਤੀ ਉੱਤੇ ਜਿੱਤ ਦੇ ਹਵਾਲਿਆਂ ਵਿਚ ਪਾਇਆ ਜਾਂਦਾ ਹੈ (ਕੂਚ 7:3; ਗਿਣਤੀ 14:11, 22; ਬਿਵਸਥਾ ਸਾਰ 4:34; 11:3; ਯਹੋਸ਼ੁਆ 24:17, 18)। *ਓਥ* ਦਾ ਸਧਾਰਣ ਅਰਥ ਵਿਸ਼ੇਸ਼ ਕੰਮਾਂ ਵਿਚ ਵੀ ਸਪੱਸ਼ਟ ਹੈ, ਜਿਵੇਂ ਕਿ: ਸੁੰਨਤ (ਉਤਪਤ 17:11), ਕੂਚ ਤੋਂ ਬਾਅਦ ਇਸਰਾਏਲ ਕੌਮ ਦੇ ਦੁਆਰਾ ਸੀਨੈ ਪਰਬਤ ਦੇ ਉੱਤੇ ਉਪਾਸਨਾ ਕਰਨਾ (ਕੂਚ 3:12), ਮਿਸਰ ਵਿਚ ਇਸਰਾਏਲੀਆਂ ਦੇ ਦੁਆਰਾ ਲਹੂ ਲੈ ਕੇ ਆਪਣੇ ਘਰਾਂ ਦੀਆਂ ਬਾਹੀਂ ਅਤੇ ਸੇਰੂ ਉੱਤੇ ਲਾਉਣਾ (ਕੂਚ 12:7, 13),

ਸਬਤ (ਕੂਚ 31:16, 17) ਅਤੇ ਨਬੀਆਂ ਦੇ ਵੱਖ ਵੱਖ ਪ੍ਰਤੀਕਾਤਮਕ ਕੰਮ (ਯਸਾਯਾਹ 20:3; ਹਿਜ਼ਕੀਏਲ 4:3)।

ਨਿਸ਼ਾਨਾਂ ਦੀ ਵਿਆਖਿਆ ਹਮੇਸ਼ਾ ਪਰਮੇਸ਼ੁਰ ਦੇ ਪ੍ਰਕਾਸ਼ਣ ਦੇ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਲੋਕ ਉਨ੍ਹਾਂ ਦੇ ਮਹੱਤਵ ਨੂੰ ਪਹਿਚਾਣ ਸਕਣ। "ਬਿਨਾਂ ਅਨੁਸਾਰੀ ਸ਼ਬਦ ਪ੍ਰਕਾਸ਼ਣ ਦੇ ਜੋ ਨਿਸ਼ਾਨ ਦੀ ਵਿਆਖਿਆ ਕਰਦਾ ਹੈ ਕੋਈ ਨਿਸ਼ਾਨ ਪ੍ਰਕਾਸ਼ਣ ਨਹੀਂ ਹੁੰਦਾ ਹੈ।"[10] ਭਾਵੇਂ ਨਿਸ਼ਾਨ ਚਮਤਕਾਰੀ ਹੋਣ ਜਾਂ ਗੈਰਚਮਤਕਾਰੀ, ਉਹ ਪਰਮੇਸ਼ੁਰ ਦੀ ਹਜ਼ੂਰੀ ਅਤੇ ਉਦੇਸ਼ ਵੱਲ ਇਸ਼ਾਰਾ ਕਰਦੇ ਹਨ, ਅਤੇ ਕਈ ਵਾਰ ਰੱਬੀ ਜ਼ਿੰਮੇਵਾਰੀਆਂ ਵੱਲ ਜੋ ਮਨੁੱਖਾਂ ਦੇ ਉੱਤੇ ਰੱਖੀਆਂ ਜਾਂਦੀਆਂ ਹਨ। ਧਣੁਖ ਦੇ ਮਾਮਲੇ ਵਿਚ, ਇਹ ਪ੍ਰਭੂ ਅਤੇ ਹਰ ਇੱਕ ਜੀਉਂਦੇ ਪ੍ਰਾਣੀ ਦੇ ਵਿਚਕਾਰ, ਯਾਦਗਾਰੀ ਅਤੇ ਇੱਕ ਨਿਸ਼ਾਨ ਸੀ ਕਿ ਭਵਿੱਖ ਵਿਚ ਉਹ ਜਲ ਪਰਲੋ ਦੇ ਪਾਣੀ ਨੂੰ ਸੰਪੂਰਣ ਧਰਤੀ ਅਤੇ ਜੀਵਨ ਨੂੰ ਰੋੜ੍ਹ ਕੇ ਲੈ ਜਾਣ ਦੀ ਇਜਾਜ਼ਤ ਨਹੀਂ ਦੇਵੇਗਾ ਜਿਵੇਂ ਇਸ ਨੇ ਨੂਹ ਦੇ ਸਮੇਂ ਵਿਚ ਕੀਤਾ ਸੀ। ਆਉਣ ਵਾਲੀਆਂ ਸਾਰੀਆਂ ਪੀੜ੍ਹੀਆਂ ਦੇ ਲਈ ਅਤੇ ਖਾਸ ਤੌਰ ਤੇ ਆਪਣੇ ਪ੍ਰਭਾਵਸ਼ਾਲੀ ਲੋਕਾਂ ਲਈ ਆਪਣੇ ਬਾਅਦ ਦੇ ਅਸਥਾਈ ਫੈਸਲਿਆਂ (ਗੁਲਾਮੀ ਅਤੇ ਕਤਲ ਕੀਤੇ ਜਾਣ) ਦੇ ਵਿਚਕਾਰ ਜੋ ਧਰਤੀ ਦੇ ਉੱਤੇ ਆਉਣਗੇ ਧਣੁਕ ਪਰਮੇਸ਼ੁਰ ਦੀ ਦਯਾ ਅਤੇ ਕਿਰਪਾ ਦਾ ਨਿਸ਼ਾਨ ਬਣ ਗਿਆ (ਵੇਖੋ ਹਿਜ਼ਕੀਏਲ 1:28; ਪਰਕਾਸ਼ 4:3; 10:1)।

ਪਰਮੇਸ਼ੁਰ ਨੇ ਆਪਣਾ "ਧਣੁਕ" ਇੱਕ "ਸਦੀਪਕ ਨੇਮ" ਦੇ ਰੂਪ ਵਿਚ "ਬੱਦਲ ਵਿਚ" ਸਥਾਪਤ ਕੀਤਾ (9:16) ਇਸ ਦਾ ਅਰਥ ਇਹ ਨਹੀਂ ਹੈ ਕਿ ਨੂਹ ਦੇ ਕਿਸ਼ਤੀ ਵਿਚੋਂ ਬਾਹਰ ਆਉਣ ਤੋਂ ਪਹਿਲਾਂ ਕੋਈ ਧਣੁਕ ਕਦੀ ਨਜ਼ਰ ਨਹੀਂ ਆਇਆ ਸੀ। ਇਹ ਸਿਰਫ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਪਰਮੇਸ਼ੁਰ ਨੇ ਧਣੁਕ ਨੂੰ ਇੱਕ ਮਹੱਤਵ ਦਿੱਤਾ ਜੋ ਉਸ ਨੂੰ ਪਹਿਲਾਂ ਨਹੀਂ ਦਿੱਤਾ ਗਿਆ ਸੀ। ਅਬਰਾਹਾਮ ਦੀ ਕਹਾਣੀ ਵਿਚ ਇਸੇ ਤਰ੍ਹਾਂ ਦੀ ਕਹਾਣੀ ਪਾਈ ਜਾਂਦੀ ਹੈ। ਵਿਸ਼ਵਾਸੀਆਂ ਦੇ ਪਿਤਾ ਦੇ ਦੁਆਰਾ ਕਈ ਸਾਲ ਪਰਮੇਸ਼ੁਰ ਦੇ ਨਾਲ ਨਾਲ ਚੱਲਣ ਦੇ ਬਾਅਦ, ਪਰਮੇਸ਼ੁਰ ਨੇ ਉਸ ਨੂੰ ਅਤੇ ਉਸ ਦੀ "ਅੰਸ ਨੂੰ ਪੀੜ੍ਹੀਆਂ ਤਾਈਂ" ਸੁੰਨਤ ਦਾ ਨਿਸ਼ਾਨ ਦਿੱਤਾ (ਉਤਪਤ 17:9-14)। ਪੁਰਾਰਤੱਵ ਵਿਗਿਆਨੀਆਂ ਵੱਲੋਂ ਖੋਜੇ ਗਏ ਸਬੂਤ ਦਿਖਾਉਂਦੇ ਹਨ ਕਿ ਇਸ ਕਿਸਮ ਦਾ ਮਾਸ ਦਾ ਕੱਟਿਆ ਜਾਣਾ ਹੋਰਨਾਂ ਲੋਕਾਂ ਦੇ ਵਿਚਕਾਰ ਮਰਦਾਨਗੀ ਦੇ ਤੌਰ ਤੇ ਕੀਤਾ ਜਾਂਦਾ ਸੀ।[11] ਜਦੋਂ 99 ਸਾਲ ਦੀ ਉਮਰ ਦੇ ਵਿਚ ਅਬਰਾਹਾਮ ਨੇ ਵਿਅਕਤੀਗਤ ਤੌਰ ਤੇ ਸੁੰਨਤ ਕਰਾਈ, ਤਾਂ ਇਹ ਇੱਕ ਨੇਮ ਦੇ ਰਿਸ਼ਤੇ ਦਾ ਭੌਤਿਕ ਨਿਸ਼ਾਨ ਬਣ ਗਿਆ ਜੋ ਪਰਮੇਸ਼ੁਰ ਦਾ ਆਪਣੇ ਲੋਕਾਂ ਦੇ ਨਾਲ ਸੀ।

ਇਸੇ ਤਰੀਕੇ ਦੇ ਨਾਲ, ਜਦੋਂ ਇਸਰਾਏਲੀਆਂ ਨੇ ਸੀਨੈ ਪਰਬਤ ਤੇ ਸਬਤ ਦਾ ਹੁਕਮ ਪ੍ਰਾਪਤ ਕੀਤਾ, ਤਾਂ ਉਸ ਨੇ ਨੇਮ ਦਾ ਇੱਕ ਨਿਸ਼ਾਨ (*ਓਥ)* ਦੇ ਰੂਪ ਵਿਚ ਜੋ ਪਰਮੇਸ਼ੁਰ ਨੇ ਉਨ੍ਹਾਂ ਦੇ ਨਾਲ ਬੰਨ੍ਹਿਆ ਸੀ ਇੱਕ ਨਵਾਂ ਅਰਥ ਲੈ ਲਿਆ (ਕੂਚ 31:16, 17), ਹਾਲਾਂਕਿ ਉਹ ਜੰਗਲ ਵਿਚ ਪਹਿਲਾਂ ਤੋਂ ਹੀ ਇਸ ਨੂੰ ਵੇਖ ਚੁੱਕੇ ਸਨ (ਕੂਚ 16:22-30)। ਇਸ ਲਈ ਇਹ ਹੋ ਸਕਦਾ ਹੈ ਕਿ ਅਬਰਾਹਾਮ ਜਾਂ ਇਸਰਾਏਲ ਦੇ ਸਮੇਂ ਤੋਂ ਬਹੁਤ ਪਹਿਲਾਂ, ਪਰਮੇਸ਼ੁਰ ਨੇ ਧਣੁਕ ਨੂੰ ਨੂਹ ਅਤੇ ਉਸ ਤੋਂ ਬਾਅਦ ਵਿਚ ਆਉਣ ਵਾਲੀ ਮਨੁੱਖਜਾਤੀ ਦੇ ਨਾਲ ਆਪਣੇ ਨੇਮ ਦੇ ਇੱਕ ਅਰਥਪੂਰਣ ਨਿਸ਼ਾਨ (*ਓਥ*) ਦੇ ਰੂਪ ਵਿਚ ਬਦਲ ਦਿੱਤਾ ਹੋਵੇ। ਕਿਉਂਕਿ ਪਰਮੇਸ਼ੁਰ ਹਮੇਸ਼ਾ ਆਪਣੇ ਵਾਇਦਿਆਂ ਨੂੰ ਕਾਇਮ ਰੱਖਦਾ ਹੈ, ਉਹ ਫਿਰ ਕਦੀ ਵੀ ਜਲ ਪਰਲੋ ਨੂੰ ਧਰਤੀ ਉੱਤੇ ਆ ਕੇ ਸਾਰੇ ਜੀਉਂਦੇ ਪ੍ਰਾਣੀਆਂ ਨੂੰ ਨਾਸ ਕਰਨ ਨਹੀਂ ਦੇਵੇਗਾ।

# ਨੂਹ ਦਾ ਸਰਾਪ ਅਤੇ ਅਸੀਸਾਂ (9:18-29)

ਪਰਮੇਸ਼ੁਰ ਦੇ ਦੁਆਰਾ ਨਵੇਂ ਵਸਾਏ ਸੰਸਾਰ ਨੂੰ ਅਜੇ ਬਹੁਤ ਦੇਰ ਨਹੀਂ ਸੀ ਹੋਈ ਕਿ ਮਨੁੱਖ ਜਾਤੀ ਨੇ ਪਾਪ ਕਰਨ ਦੇ ਲਈ ਅਯੋਗ ਅਤੇ ਬੁਰੇ ਨਿਆਂਵਾਂ ਦੇ ਪ੍ਰਤਿ ਮੁੜ ਰੁਝਾਨ ਪੈਦਾ ਕਰ ਲਿਆ ਸੀ। ਜਿਵੇਂ ਜਿਵੇਂ ਸੰਸਾਰ ਦੀ ਮੁੜ ਬਹਾਲੀ ਹੋਈ, ਲੋਕਾਂ ਨੇ ਰੋਜ਼ਾਨਾ ਦੇ ਜੀਵਨ ਵਿਚ ਧਾਰਮਿਕਤਾ ਅਤੇ ਪਾਪ ਦੇ ਵਿਚਕਾਰ ਪਹਿਲਾਂ ਤੋਂ ਵੀ ਵੱਧ ਕੇ ਚੋਣਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

### ਨੂਹ ਦੀ ਬੰਸਾਵਲੀ (9:18, 19)

**[18]ਨੂਹ ਦੇ ਪੁੱਤ੍ਰ ਜਿਹੜੇ ਕਿਸ਼ਤੀ ਵਿੱਚੋਂ ਨਿੱਕਲੇ ਸੋ ਸ਼ੇਮ ਅਰ ਹਾਮ ਅਰ ਯਾਫਥ ਸਨ ਅਤੇ ਹਾਮ ਕਨਾਨ ਦਾ ਪਿਤਾ ਸੀ। [19]ਏਹ ਨੂਹ ਦੇ ਤਿੰਨ ਪੁੱਤ੍ਰ ਸਨ ਅਤੇ ਉਨ੍ਹਾਂ ਤੋਂ ਸਾਰੀ ਧਰਤੀ ਆਬਾਦ ਹੋਈ।**

**ਆਇਤ 18.** ਜਲ ਪਰਲੋ ਦੀ ਕਹਾਣੀ ਨੂਹ ਅਤੇ ਉਸ ਦੇ ਤਿੰਨਾਂ ਪੁੱਤਰਾਂ: ਸ਼ੇਮ, ਹਾਮ ਅਤੇ ਯਾਫਥ ਦੇ ਇੱਕ ਹਵਾਲੇ ਦੇ ਨਾਲ ਸ਼ੁਰੂ ਹੋਈ ਸੀ (6:9, 10)। ਉਸੇ ਤਰ੍ਹਾਂ, ਇਹ ਪੂਰਵਜ ਅਤੇ ਉਸ ਦੀ ਅੰਸ ਦੇ ਨਾਲ ਸਮਾਪਤ ਹੁੰਦੀ ਹੈ: ਨੂਹ ਦੇ ਜਿਹੜੇ ਪੁੱਤ੍ਰ ਕਿਸ਼ਤੀ ਵਿੱਚੋਂ ਨਿੱਕਲੇ ਸੋ ਸ਼ੇਮ ਅਰ ਹਾਮ ਅਰ ਯਾਫਥ ਸਨ ਅਤੇ ਹਾਮ ਕਨਾਨ ਦਾ ਪਿਤਾ ਸੀ। **ਇਸ ਜੋੜਦਾ ਹੈ ਕਿ** ਹਾਮ ਕਨਾਨ ਦਾ ਪਿਤਾ ਸੀ, ਜੋ 9:25 ਵਿਚ ਨੂਹ ਦੇ ਸਰਾਪ ਦੀ ਆਸ ਕਰਦਾ ਹੈ। ਕਨਾਨ ਦੇ ਵਿਸ਼ੇ ਵਿਚ ਜੋ ਬਿਆਨ ਦਿੱਤਾ ਗਿਆ ਹੈ ਉਹ ਵਾਇਦਾ ਕੀਤੇ ਹੋਏ ਦੇਸ ਵਿਚ ਅਬਰਾਹਾਮ ਦੀ ਸੰਤਾਨ (ਇਸਰਾਏਲੀਆਂ) ਅਤੇ ਕਨਾਨੀਆਂ ਦੇ ਵਿਚਕਾਰ ਭਵਿੱਖ ਵਿਚ ਹੋਣ ਵਾਲੇ ਝਗੜਿਆਂ ਨੂੰ ਵੀ ਦਰਸਾਉਂਦਾ ਹੈ।

**ਆਇਤ 19.** ਜਦੋਂ ਲੇਖਕ ਨੇ "ਏਹ ਨੂਹ ਦੇ ਤਿੰਨ ਪੁੱਤ੍ਰ ਸਨ" ਕਿਹਾ, ਤਾਂ ਉਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ **ਉਨ੍ਹਾਂ ਤੋਂ ਸਾਰੀ ਧਰਤੀ ਆਬਾਦ ਹੋਈ** ਸੀ। ਇਸ ਪਰਿਵਾਰ ਦਾ ਵੱਧਣਾ-ਫੁੱਲਣਾ ਦਰਸਾਉਂਦਾ ਹੈ ਕਿ ਉਨ੍ਹਾਂ ਦੇ ਜੀਵਨਾਂ ਵਿਚ ਰੱਬੀ ਅਸੀਸ ਵੀ ਕੰਮ ਕਰ ਰਹੀ ਸੀ, ਜਿਸ ਵਿਚ ਇਹ ਹੁਕਮ ਵੀ ਹੈ ਕਿ "ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ" (9:1)।

### ਨੂਹ ਦੀ ਮੂਰਖਤਾ (9:20, 21)

**[20]ਨੂਹ ਜ਼ਿਮੀਂਦਾਰੀ ਕਰਨ ਲੱਗਾ ਅਤੇ ਅੰਗੂਰ ਦੀ ਬਾੜੀ ਲਾਈ। [21]ਉਸ ਨੇ ਮਧ ਪੀਤੀ ਅਰ ਖੀਵਾ ਹੋਕੇ ਤੰਬੂ ਦੇ ਵਿੱਚ ਨੰਗਾ ਪੈ ਗਿਆ।**

**ਆਇਤ 20.** ਜਲ ਪਰਲੋ ਤੋਂ ਬਾਅਦ, **ਨੂਹ** ਦੇ ਲਈ ਇਹ ਜ਼ਰੂਰੀ ਸੀ ਕਿ ਉਹ ਆਪਣੇ ਆਪ ਦੀ ਅਤੇ ਆਪਣੀ ਪਤਨੀ ਦੀ ਮਦਦ ਕਰੇ, ਇਸ ਲਈ **ਉਹ ਜ਼ਿਮੀਂਦਾਰੀ ਕਰਨ ਲੱਗਾ ਅਤੇ ਅੰਗੂਰ ਦੀ ਬਾੜੀ ਲਾਈ**। ਇਬਰਾਨੀ ਲਿਖਤ ਦਾ ਇੱਕ ਸ਼ਾਬਦਿਕ ਅਨੁਵਾਦ ਇਹ ਹੈ "ਅਤੇ ਨੂਹ, ਧਰਤੀ ਦੇ ਇੱਕ ਆਦਮੀ ਨੇ ਇਸ ਨੂੰ *ਸ਼ੁਰੂ ਕੀਤਾ* ਅਤੇ ਇੱਕ ਅੰਗੂਰ ਦੀ ਬਾੜੀ ਲਾਈ" (ਜ਼ੋਰ ਦਿੱਤਾ ਗਿਆ ਹੈ)।[12] RSV ਅਨੁਵਾਦ ਕਹਿੰਦਾ ਹੈ ਕਿ "ਨੂਹ ਧਰਤੀ ਦਾ ਪਹਿਲਾ ਕਿਸਾਨ ਸੀ" ਜਦਕਿ ਹੋਰਨਾਂ ਅਨੁਵਾਦਾਂ ਤੋਂ ਪਤਾ ਲੱਗਦਾ ਹੈ ਕਿ ਨੂਹ "ਅੰਗੂਰ ਦੀ ਬਾੜੀ ਲਾਉਣ ਵਾਲਾ ਪਹਿਲਾ ਆਦਮੀ ਸੀ" (NRSV; NJPSV)। *ਜੂਇਸ਼ ਸਟੱਡੀ ਬਾਈਬਲ* ਕਹਿੰਦੀ ਹੈ ਕਿ, "ਅੰਗੂਰਾਂ ਦੀ ਬਾੜੀ ਲਾਉਣ ਵਾਲਾ ਵਿਅਕਤੀ" ਹੋਣ ਦੇ ਕਾਰਣ, ਸ਼ਾਇਦ ਨੂਹ ਨੂੰ "ਬਹੁਤ ਜ਼ਿਆਦਾ

ਸ਼ਰਾਬ ਪੀਣ ਦੇ ਮਾੜੇ ਨਤੀਜਿਆਂ ਦਾ" ਪਤਾ ਨਾ ਹੋਵੇ।[13]

ਇਸ ਗੱਲ ਦਾ ਪਤਾ ਲਗਾ ਸਕਣਾ ਮੁਸ਼ਕਲ ਹੈ ਕਿ ਨੂਹ "ਜ਼ਮੀਨ ਦਾ ਪਹਿਲਾ ਕਿਸਾਨ ਕਿਵੇਂ ਹੋ ਸਕਦਾ ਹੈ," ਜਦਕਿ ਆਦਮ ਅਤੇ ਕਇਨ ਨੇ ਸ਼ੁਰੂਆਤ ਤੋਂ ਹੀ ਇਹੋ ਕੰਮ ਕੀਤਾ ਸੀ (2:15; 3:17-19; 4:2, 3)। ਇਸ ਤੋਂ ਇਲਾਵਾ, ਇਹ ਆਇਤ ਇਹ ਨਹੀਂ ਕਹਿੰਦੀ ਕਿ ਨੂਹ "ਅੰਗੂਰ ਦੀ ਬਾੜੀ ਲਾਉਣ ਵਾਲਾ ਪਹਿਲਾ ਆਦਮੀ ਸੀ"[14]; ਨਾ ਹੀ ਇਹ ਇਸ ਗੱਲ ਦਾ ਦਾਅਵਾ ਕਰਦੀ ਹੈ ਕਿ ਉਹ ਸ਼ਰਾਬ ਨਾਲ ਸ਼ਰਾਬੀ ਹੋਣ ਵਾਲਾ ਸਭ ਤੋਂ ਪਹਿਲਾ ਇਨਸਾਨ ਸੀ। ਅਜਿਹਾ ਜਾਪਦਾ ਹੈ ਕਿ ਅਜਿਹੇ ਅਨੁਵਾਦ ਨੂਹ ਦੇ ਸ਼ਰਾਬੀ ਹੋਣ ਦੇ ਵਿਸ਼ੇ ਵਿਚ ਬਹਾਨੇ ਹਨ ਅਤੇ ਉਸ ਨੂੰ ਕਿਸੇ ਵੀ ਤਰ੍ਹਾਂ ਦੇ ਗਲਤ ਕੰਮ ਕਰਨ ਵਾਲੇ ਦੇ ਦੋਸ਼ ਤੋਂ ਮੁਕਤ ਕਰਨ ਦੀਆਂ ਕੋਸ਼ਿਸ਼ਾਂ ਹਨ। ਸਰਿਸ਼ਟੀ ਦੇ ਰਚੇ ਜਾਣ ਤੋਂ ਬਾਅਦ ਕਾਫ਼ੀ ਸਮਾਂ ਬੀਤ ਗਿਆ ਸੀ, ਇਸ ਲਈ ਇਹ ਗੱਲ ਅਜੀਬ ਲੱਗਦੀ ਹੈ ਕਿ ਨੂਹ ਦੇ ਸਮੇਂ ਤੱਕ ਸ਼ਰਾਬ ਦਾ ਇਸਤੇਮਾਲ ਇੱਕ ਪੀਣ ਵਾਲੀ ਵਸਤੂ ਦੇ ਰੂਪ ਵਿਚ ਨਹੀਂ ਹੋਇਆ ਸੀ। ਇੱਕ ਵਧੇਰੇ ਤਰਕਪੂਰਣ ਵਿਆਖਿਆ ਇਹ ਹੈ ਕਿ "ਨੂਹ ਨੇ ਇੱਕ ਅਜਿਹੇ ਪੌਦੇ ਦੀ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਜਿਸ ਦੇ ਉਪਯੋਗ ਅਤੇ ਖੇਤੀ ਨੂੰ ਉਹ ਪਹਿਲਾਂ ਤੋਂ ਹੀ ਜਾਣਦਾ ਸੀ।"[15]

**ਆਇਤ 21.** ਭਾਵੇਂ ਨੂਹ ਇੱਕ ਧਰਮੀ ਮਨੁੱਖ ਸੀ ਜੋ ਪਰਮੇਸ਼ੁਰ ਦੇ ਨਾਲ ਨਾਲ ਚੱਲਦਾ ਸੀ, ਤਾਂ ਵੀ ਸਾਨੂੰ ਇਸ ਗੱਲ ਦੇ ਲਈ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਅਸੀਂ ਅਜਿਹਾ ਨਾ ਸੋਚੀਏ ਕਿ ਉਹ ਪਾਪ ਤੋਂ ਉੱਪਰ ਉੱਠ ਗਿਆ ਸੀ। ਲਿਖਤ ਸਪੱਸ਼ਟ ਤੌਰ ਤੇ ਕਹਿੰਦੀ ਹੈ ਕਿ **ਉਸ ਨੇ ਮਧ ਪੀਤੀ।** ਆਪਣੇ ਸ਼ਰਾਬੀਪੁਣੇ ਵਿਚ, ਨੂਹ **ਖੀਵਾ ਹੋਕੇ ਤੰਬੂ ਦੇ ਵਿੱਚ ਨੰਗਾ ਪੈ ਗਿਆ।** ਸਾਨੂੰ ਇਹ ਨਹੀਂ ਦੱਸਿਆ ਗਿਆ ਕਿ ਨੂਹ ਆਪਣੇ ਤੰਬੂ ਵਿਚ ਨੰਗਾ ਕਿਉਂ ਪਿਆ ਹੋਇਆ ਸੀ। ਪ੍ਰਾਚੀਨ ਨਿਕਟ ਪੂਰਬ ਅਤੇ ਮੇਡੀਟੇਰੀਅਨ ਖੇਤਰ ਦੇ ਗਰਮ ਜਲਵਾਯੂ ਵਿਚ ਨੰਗੇ ਹੋ ਕੇ ਸੌਣ ਦਾ ਅਭਿਆਸ ਪ੍ਰਚਲਿਤ ਨਹੀਂ ਸੀ (ਪਰਕਾਸ਼ ਦੀ ਪੋਥੀ 16:15)।[16] ਨੂਹ ਦਾ ਨੰਗੇ ਹੋਣਾ ਸਪੱਸ਼ਟ ਤੌਰ ਤੇ ਵੱਖਰੀ ਕਿਸਮ ਦਾ ਹੈ। ਕਈਆਂ ਨੇ ਇਹ ਸਿੱਟਾ ਕੱਢਿਆ ਹੈ ਕਿ ਉਹ ਆਪਣੀ ਪਤਨੀ ਦੇ ਨਾਲ ਸਰੀਰਕ ਸੰਬੰਧ ਬਣਾਉਣ ਦੀ ਤਿਆਰੀ ਕਰ ਰਿਹਾ ਸੀ ਜਾਂ ਸ਼ਰਾਬ ਨੇ ਉਸ ਨੂੰ ਮਤਵਾਲਾ ਕਰ ਦਿੱਤਾ ਸੀ ਅਤੇ ਉਸ ਦੀ ਬੁੱਧ ਭ੍ਰਿਸ਼ਟ ਹੋ ਗਈ ਸੀ, ਜਿਸ ਦੇ ਕਾਰਣ ਉਸ ਨੇ ਇੱਕ ਅਯੋਗ ਤਰੀਕੇ ਨਾਲ ਕੰਮ ਕੀਤਾ।

### ਹਾਮ ਦਾ ਪਾਪ (9:22, 23)

**22ਤਾਂ ਕਨਾਨ ਦੇ ਪਿਤਾ ਹਾਮ ਨੇ ਆਪਣੇ ਪਿਤਾ ਦਾ ਨੰਗੇਜ ਡਿੱਠਾ ਅਤੇ ਉਸ ਨੇ ਆਪਣੇ ਦੋਹਾਂ ਭਰਾਵਾਂ ਨੂੰ ਜੋ ਬਾਹਰ ਸਨ ਦੱਸਿਆ। 23ਤਾਂ ਸ਼ੇਮ ਅਰ ਯਾਫਥ ਨੇ ਕੱਪੜਾ ਲੈਕੇ ਆਪਣੇ ਦੋਹਾਂ ਮੋਢਿਆਂ ਤੇ ਰੱਖਿਆ ਅਰ ਪਿਛਲਖੁਰੀ ਜਾਕੇ ਆਪਣੇ ਪਿਤਾ ਦਾ ਨੰਗੇਜ ਢੱਕਿਆ।**

**ਆਇਤ 22.** ਇੱਕ ਵਾਰ ਫਿਰ, ਹਾਮ ਨੂੰ ਕਨਾਨ ਦੇ ਪਿਤਾ ਦੇ ਰੂਪ ਵਿਚ ਪਹਿਚਾਣਿਆ ਜਾਂਦਾ ਹੈ (9:18), ਜਿਵੇਂ ਕਿ ਕਿਹਾ ਗਿਆ ਹੈ ਕਿ ਉਸ ਨੇ **ਆਪਣੇ ਪਿਤਾ ਦਾ ਨੰਗੇਜ ਡਿੱਠਾ।** ਸਪੱਸ਼ਟ ਤੌਰ ਤੇ, ਉਸ ਦੇ ਕੋਲ ਆਪਣੇ ਪਿਤਾ ਦੇ ਤੰਬੂ ਵਿਚ ਜਾਣ ਦਾ ਕੋਈ ਕਾਰਣ ਨਹੀਂ ਸੀ। ਕੀ ਉਸ ਨੂੰ ਸ਼ੱਕ ਸੀ ਕਿ ਤੰਬੂ ਦੇ ਵਿਚ ਕੁਝ ਗਲਤ ਹੋ ਰਿਹਾ ਸੀ? ਜਾਂ ਕੀ ਉਹ ਬੱਸ ਉਤਸੁਕ ਸੀ, ਕਿ ਉਹ ਆਪਣੇ ਪਿਤਾ ਦਾ ਮਜ਼ਾਕ ਉਡਾਵੇ? ਸਾਡੇ ਕੋਲ ਇਸ ਗੱਲ ਦਾ ਪਤਾ ਲਗਾਉਣ ਦਾ ਕੋਈ ਤਰੀਕਾ ਨਹੀਂ ਹੈ ਕਿ ਕਿਹੜੀ ਚੀਜ਼ ਨੇ ਹਾਮ ਨੂੰ ਪ੍ਰੇਰਿਤ ਕੀਤਾ ਸੀ ਕਿ ਉਹ ਆਪਣੇ ਪਿਤਾ ਦੇ ਤੰਬੂ ਵਿਚ ਪ੍ਰਵੇਸ਼ ਕਰੇ, ਕਿਉਂਕਿ ਲਿਖਤ ਇਸ ਗੱਲ ਨੂੰ ਪਰਗਟ ਨਹੀਂ ਕਰਦੀ ਹੈ। ਅਸੀਂ ਇਹ

ਜਾਣਦੇ ਹਾਂ ਕਿ, ਆਦਮ ਅਤੇ ਹੱਵਾਹ ਦੇ ਪਾਪ ਦੇ ਅਨੁਸਰਣ ਵਿਚ ਉਨ੍ਹਾਂ ਨੂੰ ਆਪਣੇ ਨੰਗੇਜ ਦੇ ਕਾਰਣ ਸ਼ਰਮ ਮਹਿਸੂਸ ਹੋਈ (3:7, 10)। ਬਾਅਦ ਵਿਚ, ਸ਼ਰਾ ਵਿਚ ਯਾਜਕਾਂ ਨੂੰ ਅਸ਼ਲੀਲ ਪ੍ਰਦਰਸ਼ਣ ਦੇ ਵਿਸ਼ੇ ਵਿਚ ਚੇਤਾਵਨੀ ਦਿੱਤੀ ਗਈ ਸੀ (ਕੂਚ 20:26; 28:42)। ਇਸ ਤੋਂ ਇਲਾਵਾ, ਨਿਕਟ ਸੰਬੰਧੀਆਂ ਵਿਚਕਾਰ ਸਰੀਰਕ ਸੰਬੰਧ ਦੇ ਵਿਰੁੱਧ ਕਾਨੂੰਨ ਵਿਚ, ਆਪਣੇ ਸਾਥੀ ਤੋਂ ਇਲਾਵਾ ਕਿਸੇ ਦੂਸਰੇ ਦੇ ਨੰਗੇਜ (ਜਿਨਸੀ ਅੰਗ) ਨੂੰ ਉਘਾੜਣਾ ਸਿੱਧੇ ਤੌਰ ਤੇ ਵਰਜਿਤ ਸੀ (ਲੇਵੀਆਂ 18:6-18)।

ਹਾਮ ਦੇ ਪਾਪ ਦੇ ਵਿਸ਼ੇ ਵਿਚ ਹੋਰ ਵਿਚਾਰਾਂ ਨੂੰ ਪ੍ਰਸਤਾਵਿਤ ਕੀਤਾ ਗਿਆ ਹੈ। ਕੁਝ ਲੋਕ ਮੰਨਦੇ ਹਨ ਕਿ ਉਹ ਆਪਣੇ ਪਿਤਾ ਨੂੰ ਸ਼ਰਮਿੰਦਾ ਕਰਨਾ ਚਾਹੁੰਦਾ ਸੀ। ਇੱਕ ਵਿਚਾਰ ਇਹ ਹੈ ਕਿ ਉਹ ਆਪਣੀ ਮਾਂ ਦੇ ਨਾਲ ਜਿਨਸੀ ਸੰਬੰਧ ਬਣਾਉਣਾ ਚਾਹੁੰਦਾ ਸੀ; ਇਸ ਵਿਚਾਰ ਦੇ ਸਮਰਥਕ ਲੇਵੀਆਂ 18:7 ਵੱਲ ਇਸ਼ਾਰਾ ਕਰਦੇ ਹਨ। ਜਦੋਂ ਉਹ ਲਿਖਤ "ਤੁਹਾਡੇ ਪਿਤਾ ਦੇ ਨੰਗੇਜ" ਨੂੰ ਉਘਾੜਣ ਦੇ ਵਿਰੁੱਧ ਹੁੰਦਾ ਹੈ ਤਾਂ ਮਨਾਹੀ ਅਸਲ ਵਿਚ ਮਾਂ ਦੇ ਨਾਲ ਜਿਨਸੀ ਸੰਬੰਧ ਕਾਇਮ ਕਰਨ ਦੇ ਵਿਰੁੱਧ ਹੁੰਦੀ ਹੈ। ਇਹ ਸਭ ਵਿਆਖਿਆਵਾਂ ਅਤਿਰਿਕਤ ਹੋ ਗਈਆਂ ਜਾਪਦੀਆਂ ਹਨ; ਲਿਖਤ ਸਿਰਫ ਇਹ ਕਹਿੰਦੀ ਹੈ ਕਿ ਜਦੋਂ ਹਾਮ ਨੇ "ਆਪਣੇ ਪਿਤਾ ਦਾ ਨੰਗੇਜ ਡਿੱਠਾ," ਤਾਂ **ਉਸ ਨੇ ਆਪਣੇ ਦੋਹਾਂ ਭਰਾਵਾਂ ਨੂੰ ਜੋ ਬਾਹਰ ਸਨ ਦੱਸਿਆ**।

ਲੇਖ ਵਿਚ ਇਹ ਨਹੀਂ ਦੱਸਿਆ ਗਿਆ ਕਿ ਹਾਮ ਨੇ ਆਪਣੇ ਭਰਾਵਾਂ ਨੂੰ ਕੀ ਕਿਹਾ ਸੀ ਜਾਂ ਉਸ ਨੇ ਕਿਸ ਵਿਹਾਰ ਦੇ ਨਾਲ ਉਸ ਨੇ ਆਪਣੇ ਭਰਾਵਾਂ ਨੂੰ ਇਸ ਘਟਨਾ ਦੇ ਵਿਸ਼ੇ ਵਿਚ ਦੱਸਿਆ ਸੀ। ਕੀ ਉਹ ਆਪਣੇ ਭਾਈਆਂ ਨੂੰ ਆਪਣੇ ਪਿਤਾ ਦਾ ਨੰਗੇਜ ਵੇਖਣ ਦੇ ਲਈ ਅਤੇ ਭੋਗ ਵਿਲਾਸ ਵਿਚ ਸ਼ਾਮਲ ਹੋਣ ਦੇ ਲਈ ਸੱਦਾ ਦੇ ਰਿਹਾ ਸੀ?[17] ਕੀ ਉਹ ਆਪਣੇ ਪਿਤਾ ਦੇ ਅਸ਼ਲੀਲ ਸ਼ਰਾਬੀ ਵਿਹਾਰ ਦਾ ਮਖੌਲ ਉਡਾ ਰਿਹਾ ਸੀ? ਹਾਮ ਨੇ ਆਪਣੇ ਭਰਾਵਾਂ ਨੂੰ ਜੋ ਕੁਝ ਵੀ ਕਿਹਾ ਸੀ, ਉਹ ਸ਼ਾਇਦ ਇੱਕ ਮਜ਼ਾਕੀਆ ਤਰੀਕੇ ਦੇ ਨਾਲ ਕਿਹਾ ਗਿਆ ਸੀ ਜਿਸ ਨੇ ਉਸ ਦੇ ਮਨ ਵਿਚ ਆਪਣੇ ਬਜ਼ੁਰਗ ਪਿਤਾ ਦੇ ਲਈ ਨਫ਼ਰਤ ਨੂੰ ਵਿਖਾਇਆ ਅਤੇ ਉਸ ਦਾ ਮਖੌਲ ਉਡਾਇਆ ਸੀ। ਸਪੱਸ਼ਟ ਤੌਰ ਤੇ ਇਸ ਨਾਜ਼ੁਕ ਪਲ ਵਿਚ ਹਾਮ ਦੇ ਮਨ ਦੇ ਵਿਚ ਆਪਣੇ ਪਿਤਾ ਦੇ ਲਈ ਕੋਈ ਹਮਦਰਦੀ ਜਾਂ ਆਦਰ ਨਹੀਂ ਸੀ। ਬਾਅਦ ਵਿਚ, ਨਬੀ ਹਬੱਕੂਕ ਨੇ ਉਸ ਮਨੁੱਖ ਨੂੰ ਝਿੜਕਿਆ ਜੋ ਲੋਕਾਂ ਨੂੰ ਇਸ ਲਈ ਸ਼ਰਾਬ ਪਿਲਾਉਂਦਾ ਹੈ "ਭਈ ਓਹਨਾਂ ਦੇ ਨੰਗੇਜ਼ ਉੱਤੇ ਤੱਕੇਂ" (ਹਬੱਕੂਕ 2:15)। ਹਾਲਾਂਕਿ ਸਾਨੂੰ ਇਹ ਨਹੀਂ ਦੱਸਿਆ ਗਿਆ ਹੈ ਕਿ ਹਾਮ ਨੇ ਨੂਹ ਨੂੰ ਸ਼ਰਾਬ ਦੇ ਨਾਲ ਮਤਵਾਲਾ ਹੋਣ ਦੇ ਲਈ ਉਤਸ਼ਾਹਿਤ ਕੀਤਾ ਸੀ ਜਾਂ ਨਹੀਂ, ਪਰ ਉਹ ਇਸ ਦੁੱਖ ਭਰੀ ਸਥਿਤੀ ਦਾ ਫਾਇਦਾ ਉਠਾਉਂਦਾ, ਅਤੇ ਉਸ ਦੇ ਨੰਗੇਜ ਨੂੰ ਵੇਖ ਕੇ ਉਸ ਦੇ ਪ੍ਰਤਿ ਬੇਇੱਜ਼ਤੀ ਨੂੰ ਪਰਗਟ ਕਰਦਾ ਦਿਖਾਈ ਦਿੰਦਾ ਹੈ। ਉਸ ਤੋਂ ਵੀ ਵੱਧ ਕੇ, ਉਸ ਨੇ ਆਪਣੇ ਭਾਈਆਂ ਨੂੰ ਇਸ ਦੇ ਬਾਰੇ ਦੱਸ ਕੇ ਅਤੇ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਵੀ ਆਪਣੇ ਪਿਤਾ ਦੀ ਸ਼ਰਮਿੰਦਗੀ ਵੇਖਣ ਦੇ ਲਈ ਸੱਦ ਕੇ, ਉਸ ਨੇ ਆਪਣੇ ਪਾਪ ਨੂੰ ਹੋਰ ਵੀ ਵਧਾ ਲਿਆ ਹੋਵੇਗਾ।

ਹਾਲਾਂਕਿ ਵਚਨ ਹਾਮ ਦੇ ਪਾਪ ਦੀ ਸਹੀ ਕਿਸਮ ਦਾ ਖੁਲਾਸਾ ਨਹੀਂ ਕਰਦਾ, ਪਰ ਉਸ ਦੇ ਪਿਤਾ ਦੇ ਪ੍ਰਤਿ ਉਸ ਦਾ ਵਿਹਾਰ ਸਹੀ ਨਹੀਂ ਸੀ। ਪੁਰਾਤਨ ਸੰਸਾਰ ਵਿਚ, ਇੱਥੋਂ ਤੱਕ ਕਿ ਅੱਜ ਵੀ ਵਧੇਰੇ ਪਰੰਪਰਾਗਤ ਸਮਾਜਾਂ ਵਿਚ, ਬੱਚਿਆਂ ਦੇ ਲਈ ਆਪਣੇ ਮਾਤਾ-ਪਿਤਾ ਦਾ ਆਦਰ ਕਰਨਾ ਇੱਕ ਪਵਿੱਤਰ ਜ਼ਿੰਮੇਵਾਰੀ ਹੈ। ਪਰਮੇਸ਼ੁਰ ਨੇ ਹੇਠ ਲਿਖੇ ਸ਼ਬਦਾਂ ਵਿਚ ਇਸ ਧਾਰਣਾ ਨੂੰ ਦਸਾਂ ਹੁਕਮਾਂ ਦੇ ਵਿਚ ਸ਼ਾਮਲ ਕੀਤਾ: "ਤੂੰ ਆਪਣੇ ਪਿਤਾ ਅਰ ਆਪਣੀ ਮਾਤਾ ਦਾ ਆਦਰ ਕਰ" (ਕੂਚ 20:12)। ਇਸ ਤੋਂ ਇਲਾਵਾ, ਵਾਇਦਾ ਕੀਤੇ ਹੋਏ ਦੇਸ ਵਿਚ ਵਿਹਾਰ ਦੇ ਕੁਝ ਨਿਰਦੇਸ਼ਾਂ ਵਿਚ, ਮੂਸਾ ਨੇ ਕਿਹਾ ਕਿ ਜੋ ਕੋਈ ਆਪਣੇ ਪਿਤਾ ਜਾਂ ਮਾਤਾ ਦਾ ਅਨਾਦਰ ਕਰੇ ਉਸ ਦੇ ਉੱਤੇ

ਇੱਕ ਵਿਸ਼ੇਸ਼ ਸਰਾਪ ਦੀ ਘੋਸ਼ਣਾ ਕੀਤੀ ਜਾਵੇ। ਇਨ੍ਹਾਂ ਨਿਰਦੇਸ਼ਾਂ ਦੇ ਸੰਬੰਧ ਵਿਚ, ਸਭ ਲੋਕ "ਆਮੀਨ" ਕਹਿ ਕੇ ਸਹਿਮਤੀ ਪਰਗਟ ਕਰਨ (ਬਿਵਸਥਾ ਸਾਰ 27:16)।

ਪੁਰਾਣਾ ਨੇਮ ਇਸ ਵਿਸ਼ੇ ਵਿਚ ਕੋਈ ਮਾਰਗ ਦਰਸ਼ਣ ਨਹੀਂ ਦਿੰਦਾ ਕਿ ਜਦੋਂ ਮਾਤਾ-ਪਿਤਾ ਸ਼ਰਮਨਾਕ ਵਿਹਾਰ ਕਰਦੇ ਹਨ ਤਾਂ ਬੱਚਿਆਂ ਨੂੰ ਕਿਸ ਕਿਸਮ ਦੀ ਪ੍ਰਤਿਕਿਰਿਆ ਕਰਨੀ ਚਾਹੀਦੀ ਹੈ, ਪਰ ਸ਼ਾਇਦ ਇਸਰੇਲੀ ਯੂਗੈਰਿਕਟਿਕ ਆਖਟ ਮਹਾਂਕਾਵਿ ਦੇ ਨਾਲ ਸਹਿਮਤ ਹੋਣਗੇ, ਜੋ ਕਹਿੰਦਾ ਹੈ ਕਿ ਇੱਕ ਪੁੱਤਰ ਆਪਣੇ ਪਿਤਾ ਨੂੰ "ਜਦੋਂ ਉਹ ਨਸ਼ੇ ਵਿਚ ਹੁੰਦਾ ਹੈ, ਹੱਥ ਤੋਂ ਫੜ ਲਵੇ, ਅਤੇ ਜਦੋਂ ਉਹ ਸ਼ਰਾਬ ਪੀਣ ਬੈਠਦਾ ਹੈ ਤਾਂ ਉਸ ਨੂੰ ਲੈ ਜਾਵੇ।"[18] ਹੋਰਨਾਂ ਸ਼ਬਦਾਂ ਵਿਚ, ਇੱਕ ਵਫ਼ਾਦਾਰ ਪੁੱਤਰ ਦ੍ਰਿੜ ਰਹਿੰਦਾ ਅਤੇ ਜੇ ਉਸ ਦਾ ਪਿਤਾ ਨਸ਼ੇ ਵਿਚ ਚੂਰ ਹੋ ਜਾਂਦਾ ਹੈ ਤਾਂ ਉਹ ਉਸ ਦੀ ਮਦਦ ਕਰਦਾ ਹੈ; ਅਤੇ ਉਹ ਉਸ ਨੂੰ ਇੱਕ ਨਿੱਜੀ ਸਥਾਨ ਤੇ ਲੈ ਜਾਣ ਦੇ ਦੁਆਰਾ, ਉਨ੍ਹਾਂ ਲੋਕਾਂ ਦੂਰ ਲੈ ਜਾ ਕੇ ਜੋ ਉਸ ਦਾ ਮਖੌਲ ਉਡਾ ਸਕਦੇ ਹਨ ਉਸ ਦੇ ਜਨਤਕ ਰੂਪ ਦੀ ਸੁਰੱਖਿਆ ਕਰਦਾ ਹੈ।

**ਆਇਤ 23. ਸ਼ੇਮ ਅਰ ਯਾਫਥ** ਉਸ ਸਭ ਵਿਚ ਕੋਈ ਵੀ ਹਿੱਸਾ ਨਹੀਂ ਲਿਆ ਜੋ ਉਨ੍ਹਾਂ ਦਾ ਭਰਾ ਸ਼ੁਰੂ ਕਰਨਾ ਚਾਹੁੰਦਾ ਸੀ, ਪਰ ਉਨ੍ਹਾਂ ਨੇ ਇੱਕ ਅਜੀਬ ਜਾਂ ਅਨੈਤਿਕ ਕੰਮ ਨੂੰ ਰੋਕਣ ਦਾ ਕੰਮ ਕੀਤਾ। ਉਨ੍ਹਾਂ ਨੇ **ਕੱਪੜਾ ਲੈਕੇ ਆਪਣੇ ਦੋਹਾਂ ਮੋਢਿਆਂ ਤੇ ਰੱਖਿਆ ਅਰ ਪਿਛਲਖੁਰੀ ਜਾਕੇ ਆਪਣੇ ਪਿਤਾ ਦਾ ਨੰਗੇਜ ਢੱਕਿਆ। ਉਨ੍ਹਾਂ ਦੇ ਮੂੰਹ ਪਿਛਲੇ ਪਾਸੇ ਨੂੰ ਸਨ** ਇਸ ਲਈ ਉਨ੍ਹਾਂ ਨੇ ਉਸ ਨੂੰ ਉਸ ਦੀ ਨਸ਼ੇ ਦੀ ਹਾਲਤ ਵਿਚ **ਨਾ ਡਿੱਠਾ**। ਹਾਮ ਦੇ ਪਾਪ ਦਾ ਕੀ ਹੋਇਆ ਹੋਵੇਗਾ, ਇਸ ਦੇ ਵਿਸ਼ੇ ਵਿਚ ਝੂਠੀਆਂ ਦਲੀਲਾਂ ਦੇ ਬਾਵਜੂਦ, ਲੇਖਾ ਸਿਰਫ ਇਹ ਕਹਿੰਦਾ ਹੈ ਕਿ ਉਸ ਨੇ ਆਪਣੇ ਪਿਤਾ ਦੇ ਨੰਗੇਜ ਅਤੇ ਖੀਵੇ ਹੋਣ ਦੀ ਹਾਲਤ ਨੂੰ "ਡਿੱਠਾ"; ਪਰ ਉਸ ਦੇ ਭਰਾਵਾਂ ਨੇ ਉਸ ਨੂੰ ਇਸ ਹਾਲਤ ਵਿਚ "ਨਾ ਡਿੱਠਾ।" ਉਨ੍ਹਾਂ ਨੇ ਪਿਛਲਖੁਰੀ ਆਪਣੇ ਪਿਤਾ ਦੇ ਤੰਬੂ ਵਿਚ ਜਾ ਕੇ ਉਸ ਨੂੰ ਢੱਕਣ ਦੇ ਦੁਆਰਾ ਨਿਮਰਤਾ ਪੂਰਵਕ ਕੰਮ ਕੀਤਾ ਅਤੇ ਸਾਵਧਾਨੀ ਵਰਤੀ ਤਾਂ ਕਿ ਉਹ, ਅਣਜਾਣੇ ਵਿਚ ਵੀ, ਆਪਣੇ ਪਿਤਾ ਨੂੰ ਨਾ ਵੇਖ ਸਕਣ। ਬਿਨਾਂ ਦੇਖੇ ਆਪਣੇ ਪਿਤਾ ਨੂੰ ਢੱਕਣ ਦੇ ਦੁਆਰਾ, ਸ਼ੇਮ ਅਤੇ ਯਾਫਥ ਨੇ ਆਪਣੇ ਪਿਤਾ ਦਾ ਆਦਰ ਕੀਤਾ ਅਤੇ ਉਸ ਦੀ ਉਘਾੜੀ ਹੋਈ ਅਤੇ ਆਲੋਚਨਾਯੋਗ ਸਥਿਤੀ ਨੂੰ ਹੋਰਨਾਂ ਲੋਕਾਂ ਦੁਆਰਾ ਵੇਖੇ ਜਾਣ ਦੀ ਸੰਭਾਵਨਾ ਤੋਂ ਬਚਾ ਲਿਆ।

## ਹਾਮ ਦੇ ਪੁੱਤਰ, ਕਨਾਨ ਦੇ ਉੱਤੇ ਨੂਹ ਸਰਾਪ (9:24, 25)

**24ਜਦ ਨੂਹ ਆਪਣੇ ਖੀਵੇਪੁਣੇ ਤੋਂ ਜਾਗਿਆ ਤਾਂ ਉਸ ਨੇ ਜਾਣਿਆ ਭਈ ਉਸ ਦੇ ਛੋਟੇ ਪੁੱਤ੍ਰ ਨੇ ਉਸ ਦੇ ਨਾਲ ਕੀ ਕੀਤਾ ਸੀ। 25ਤਦ ਉਸ ਨੇ ਆਖਿਆ ਕਿ ਕਨਾਨ ਫਿਟਕਾਰੀ ਹੋਵੇ। ਉਹ ਆਪਣੇ ਭਰਾਵਾਂ ਦੇ ਟਹਿਲੂਆਂ ਦਾ ਟਹਿਲੀਆ ਹੋਵੇਗਾ।**

**ਆਇਤ 24.** ਕੁਝ ਸਮੇਂ ਬਾਅਦ, ਜਦੋਂ **ਨੂਹ** ਆਪਣੇ **ਖੀਵੇਪੁਣੇ** ਤੋਂ ਜਾਗਿਆ ਅਤੇ ਜਾਣਿਆ ਕਿ ਹਾਮ ਨੇ **ਉਸ ਦੇ ਨਾਲ ਕੀ ਕੀਤਾ** [ਹੱਸ਼ੂ, *ਅਸ਼ਾਹ*] **ਸੀ**। ਕਿਰਿਆ "ਕੀਤਾ ਸੀ" (*ਅਸ਼ਾਹ*) ਦਾ ਇਸ ਅਰਥ ਵਿਚ ਅਨੁਵਾਦ ਕੀਤਾ ਜਾਂਦਾ ਹੈ ਕਿ ਹਾਮ ਨੇ ਆਪਣੇ ਪਿਤਾ ਦੇ ਵਿਰੁੱਧ ਕੁਝ ਸਰੀਰਕ ਬੁਰਾ ਕੰਮ – ਜਿਨਸੀ ਤੌਰ ਤੇ ਜਾਂ ਹੋਰ ਤਰੀਕੇ ਦੇ ਨਾਲ – ਕੀਤਾ ਸੀ। ਇਸ ਸੰਦਰਭ ਵਿਚ, ਇਹ ਸ਼ਬਦ ਲਾਜ਼ਮੀ ਤੌਰ ਤੇ ਇੱਕ ਪਰਗਟ ਕੰਮ ਨੂੰ ਨਹੀਂ ਦਰਸਾਉਂਦਾ ਹੈ। ਇਹ ਇਸ ਤੱਥ ਦਾ ਉਲੇਖ ਕਰਦਾ ਹੈ ਕਿ ਉਸ ਨੇ ਆਪਣੇ ਪਿਤਾ ਦਾ ਆਦਰ ਨਹੀਂ ਕੀਤਾ ਅਤੇ (ਸ਼ਾਇਦ ਮਖੌਲ ਦੇ ਨਾਲ) ਆਪਣੇ ਭਰਾਵਾਂ ਨੂੰ ਕਿਹਾ ਕਿ ਉਹ ਤੰਬੂ ਦੇ ਅੰਦਰ ਆਪਣੇ ਪਿਤਾ ਨੂੰ ਨੰਗਾ ਅਤੇ

ਨਸ਼ੇ ਦੀ ਹਾਲਤ ਵਿਚ ਵੇਖਣ। ਹਾਮ ਨੂੰ ਨੂਹ ਦੇ **ਛੋਟੇ ਪੁੱਤ੍ਰ** ਦੇ ਰੂਪ ਵਿਚ ਦਰਸਾਇਆ ਗਿਆ ਹੈ (10:21 ਦੀਆਂ ਟਿੱਪਣੀਆਂ ਵੇਖੋ)।

**ਆਇਤ 25.** ਇਹ ਆਇਤ ਨੂਹ ਦੇ ਦੁਆਰਾ ਬੋਲੇ ਗਏ ਪਹਿਲੇ ਸ਼ਬਦ ਦਾ ਲੇਖਾ ਹੈ: **ਕਨਾਨ ਫਿਟਕਾਰੀ ਹੋਵੇ। ਉਹ ਆਪਣੇ ਭਰਾਵਾਂ ਦੇ ਟਹਿਲੂਆਂ ਦਾ ਟਹਿਲੀਆ ਹੋਵੇਗਾ।** ਸਪੱਸ਼ਟ ਬੁਝਾਰਤ ਇਹ ਹੈ ਕਿ ਇਹ ਸਰਾਪ ਪੂਰਵਜ ਦੇ ਪੋਤੇ ਕਨਾਨ ਦੇ ਉੱਤੇ ਪਿਆ, ਨਾ ਕਿ ਉਸ ਦੇ ਪੁੱਤਰ ਹਾਮ ਦੇ ਉੱਤੇ, ਜੋ ਅਸਲੀ ਦੋਸ਼ੀ ਸੀ। ਕਿਉਂਕਿ ਕਨਾਨ ਨੂੰ ਕੱਢ ਦਿੱਤਾ ਗਿਆ ਸੀ, ਇਸ ਲਈ ਕੁਝ ਲੋਕਾਂ ਨੇ ਅਨੁਮਾਨ ਲਗਾਇਆ ਕਿ ਉਹ ਵੀ ਉਸ ਘ੍ਰਿਣਾਯੋਗ ਕੰਮ ਵਿਚ ਸ਼ਾਮਲ ਹੋ ਸਕਦਾ ਹੈ; ਪਰ ਖਾਤੇ ਵਿਚ ਅਜਿਹਾ ਕੁਝ ਵੀ ਸ਼ਾਮਲ ਨਹੀਂ ਹੈ। ਅਸਲ ਵਿਚ, ਇਹ ਇੱਕ ਉਦਾਹਰਣ ਹੋ ਸਕਦੀ ਹੈ ਕਿ ਕਿਵੇਂ ਪਰਮੇਸ਼ੁਰ "ਪਿਉ ਦਾਦਿਆਂ ਦੀ ਬੁਰਿਆਈ ਨੂੰ ਬੱਚਿਆਂ ਉੱਤੇ ਅਤੇ ਆਪਣੇ ਵੈਰੀਆਂ ਦੀ ਤੀਜੀ ਅਤੇ ਚੌਥੀ ਪੀੜ੍ਹੀ ਉੱਤੇ ਲਿਆਉਂਦਾ ਹੈ" (ਕੂਚ 20:5), ਹਾਲਾਂਕਿ ਇਸ ਸੱਚਾਈ ਨੂੰ ਆਧੁਨਿਕ ਤੌਰ ਤੇ ਮੂਸਾ ਦੇ ਸਮੇਂ ਤੱਕ ਨਹੀਂ ਮੰਨਿਆ ਜਾਵੇਗਾ।

ਇਸ ਵਿਚਾਰ ਨੂੰ ਕਿ ਪਰਮੇਸ਼ੁਰ ਪਿਤਾ ਦੇ ਪਾਪ ਦੇ ਲਈ ਪੁੱਤਰ ਨੂੰ ਸਜ਼ਾ ਦੇ ਰਿਹਾ ਸੀ ਅਕਸਰ ਰੱਦ ਦਿੱਤਾ ਜਾਂਦਾ ਹੈ ਕਿਉਂਕਿ ਇੱਕ ਪੀੜ੍ਹੀ ਨੂੰ ਪਿਛਲੀ ਪੀੜ੍ਹੀ ਦੇ ਪਾਪ ਦੇ ਲਈ ਸਜ਼ਾ ਦੇਣਾ ਅਕਸਰ ਅਨਿਆਂ ਭਰਿਆ ਅਤੇ ਨਿਰਪੱਖ ਲੱਗਦਾ ਹੈ। ਅਸਲ ਵਿਚ, ਇਹ ਕਹਿਣ ਦਾ ਇੱਕ ਤਰੀਕਾ ਪ੍ਰਤੀਕ ਹੁੰਦਾ ਹੈ ਕਿ ਪਿਤਾ ਦੇ ਚਰਿੱਤਰ ਨੇ ਅਕਸਰ ਆਪਣੇ ਵੰਸ ਦੇ ਕੰਮਾਂ ਦੀ ਉਮੀਦ ਕੀਤੀ ਹੈ। ਭਾਵੇਂ ਅਕਸਰ ਬੱਚੇ ਅਤੇ ਪੋਤੀਆਂ ਪੋਤੇ – ਹਮੇਸ਼ਾ – ਚੰਗੇ ਜਾਂ ਬੁਰੇ ਰਵੱਈਏ, ਨੈਤਿਕਤਾ ਅਤੇ ਜੀਵਨ ਸ਼ੈਲੀ ਦੇ ਲਈ ਆਪਣੇ ਮਾਪਿਆਂ ਜਾਂ ਦਾਦੀਆਂ ਦਾਦਿਆਂ ਦੇ ਅਨੁਸਾਰ ਨਹੀਂ ਚੱਲਦੇ ਹਨ। ਸ਼ਾਇਦ ਇੱਕ ਅਰਥ ਵਿਚ ਬੱਚੇ ਆਪਣੇ ਮਾਪਿਆਂ ਦੇ ਪਾਪਾਂ ਦੇ ਲਈ ਦੁੱਖ ਝੱਲਦੇ ਹਨ; ਪਰ ਅਕਸਰ ਇਹ ਉਨ੍ਹਾਂ ਦੇ ਆਪਣੇ ਬੁਰੇ ਫੈਸਲਿਆਂ ਅਤੇ ਆਦਤਾਂ ਦੇ ਦੁਆਰਾ ਹੁੰਦਾ ਹੈ ਕਿ ਉਹ ਆਪਣੇ ਆਪ ਦੇ ਉੱਤੇ ਉਹੀ ਸਰਾਪ, ਦੁੱਖ, ਅਤੇ ਮੁਸੀਬਤਾਂ ਨੂੰ ਲੈ ਆਉਂਦੇ ਹਨ ਜਿਨ੍ਹਾਂ ਦਾ ਅਨੁਭਵ ਉਨ੍ਹਾਂ ਦੇ ਪਿਉ-ਦਾਦਿਆਂ ਨੇ ਕੀਤਾ ਸੀ।

ਜਿਵੇਂ ਕਿ ਪਹਿਲਾਂ ਉਤਪਤ ਵਿਚ ਵੇਖਿਆ ਗਿਆ ਸੀ, ਕਿ ਕਇਨ ਦੇ ਜੀਵਨ ਦੀਆਂ ਬੁਰੀਆਂ ਆਦਤਾਂ ਨਫ਼ਰਤ, ਹਿੰਸਾ, ਅਤੇ ਦੁੱਖਾਂ ਦਾ ਦੁਹਰਾਇਆ ਜਾਣਾ ਆਪਣੀਆਂ ਪੀੜ੍ਹੀਆਂ ਦੇ ਵਿਚ, ਖਾਸ ਤੌਰ ਤੇ ਲਾਮਕ ਦੇ ਜੀਵਨ ਵਿਚ ਨਿਰੰਤਰ ਜਾਰੀ ਰਿਹਾ (4:1-24)। ਨੈਫ਼ਿਲੀਮੀਆਂ (ਦੈਂਤਾਂ) ਦੀ ਦੁਸ਼ਟਤਾ (6:4) ਕਈ ਪੀੜ੍ਹੀਆਂ ਤੱਕ ਲਗਾਤਾਰ ਜਾਰੀ ਰਹੀ ਜਦੋਂ ਤੱਕ ਪਰਮੇਸ਼ੁਰ ਨੇ ਪੁਰਾਣੇ ਸੰਸਾਰ ਨੂੰ ਇੱਕ ਜਲ ਪਰਲੋ ਨਾਲ ਸਰਾਪ ਨਹੀਂ ਦਿੱਤਾ ਜੋ ਉਨ੍ਹਾਂ ਸਭਨਾਂ ਨੂੰ ਰੋੜ੍ਹ ਕੇ ਲੈ ਗਈ ਸੀ (ਵੇਖੋ 6:17; 7:23; 8:21)। ਸੰਭਵ ਰੂਪ ਵਿਚ ਪਿਉ-ਦਾਦਿਆਂ ਦੇ ਪਾਪ, ਬਾਅਦ ਦੀਆਂ ਪੀੜ੍ਹੀਆਂ ਵਿਚ ਆ ਗਏ ਸਨ। ਉਨ੍ਹਾਂ ਦੇ ਵਿਹਾਰ ਅਤੇ ਸਜ਼ਾ ਨੂੰ ਬਿਨਾਂ ਸੋਚੇ-ਸਮਝੇ ਪਹਿਲਾਂ ਤੋਂ ਹੀ ਨਿਰਧਾਰਤ ਨਹੀਂ ਕੀਤਾ ਗਿਆ ਸੀ, ਪਰ ਉਹ ਦੁਸ਼ਟਤਾ ਜੋ ਉਨ੍ਹਾਂ ਦੇ ਪੂਰਵਜਾਂ ਦੇ ਜੀਵਨ ਦਾ ਨਮੂਨਾ ਬਣ ਗਈ ਸੀ ਉਹ ਇਸ ਹੱਦ ਤੱਕ ਜਾਰੀ ਰਹੀ ਅਤੇ ਵੱਧਦੀ ਗਈ ਕਿ ਉਨ੍ਹਾਂ ਨੇ ਨੂਹ ਦੇ ਪਰਚਾਰ ਵੱਲ ਧਿਆਨ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਜਲ ਪਰਲੋ ਵਿਚ ਵਹਿ ਗਏ।

ਨੂਹ ਦੇ ਪੋਤੇ ਕਨਾਨ ਦੇ ਮਾਮਲੇ ਵਿਚ, ਸਰਾਪ ਮੁੱਖ ਤੌਰ ਤੇ ਉਨ੍ਹਾਂ ਬੁਰੀਆਂ ਚੀਜ਼ਾਂ ਦਾ ਉਲੇਖ ਨਹੀਂ ਕਰਦਾ ਹੈ ਜਿਨ੍ਹਾਂ ਦਾ ਉਹ ਆਪ ਤਜ਼ਰਬਾ ਕਰਨਗੇ। ਮੋਟੇ ਤੌਰ ਤੇ, ਇਹ ਅਨੁਮਾਨ ਲਗਾਇਆ ਗਿਆ ਸੀ ਕਿ ਉਸ ਦੀ ਅੰਸ – ਕਨਾਨੀ ਲੋਕਾਂ ਦਾ ਕੀ ਹੋਇਆ ਸੀ, ਜਦੋਂ ਕਈ ਪੀੜ੍ਹੀਆਂ ਤੋਂ ਬਾਅਦ ਇਸਰਾਏਲੀਆਂ ਨੇ ਵਾਇਦਾ ਕੀਤੇ ਹੋਏ ਦੇਸ ਦੇ ਉੱਤੇ ਹਮਲਾ ਕਰਕੇ ਉਸ ਨੂੰ ਕਬਜ਼ੇ ਵਿਚ ਕਰ ਲਿਆ। ਇਹ ਵਿਚਾਰ ਸਹੀ ਹੁੰਦਾ ਜਾਪਦਾ ਹੈ ਕਿਉਂਕਿ ਨੂਹ ਨੇ, ਜਦੋਂ ਕਨਾਨ

ਨੂੰ ਸਰਾਪ ਦਿੰਦੇ ਹੋਏ, ਕਿਹਾ ਸੀ, "ਉਹ ਆਪਣੇ ਭਰਾਵਾਂ ਦੇ ਟਹਿਲੂਆਂ ਦਾ ਟਹਿਲੂਆ ਹੋਵੇਗਾ।" ਜਿੱਥੋਂ ਤੱਕ ਸਾਨੂੰ ਪਤਾ ਹੈ, ਨਾ ਹੀ ਹਾਮ ਨੇ ਅਤੇ ਨਾ ਹੀ ਕਨਾਨ ਨੇ ਵਿਅਕਤੀਗਤ ਤੌਰ ਤੇ ਆਪਣੇ ਭਰਾਵਾਂ ਦੀ ਸੇਵਾ ਕੀਤੀ ਸੀ; ਪਰ ਹਾਮ ਦੇ ਪਾਪ ਨੇ "ਆਪਣੇ ਪੁੱਤਰ ਕਨਾਨ (ਕਨਾਨੀਆਂ) ਦੀ ਅੰਸ ਨੇ ਸ਼ੇਮ ਅਤੇ ਯਾਫਥ ਦੇ ਅਧੀਨ ਹੋ ਕੇ ਟਹਿਲੂਏ ਦੀ ਭੂਮਿਕਾ ਨਿਭਾਈ ਸੀ।"[19] ਹਾਮ ਦੇ ਬੱਚੇ ਇੱਕ ਪੱਖਪਾਤੀ ਕਿਸਮਤ ਦੇ ਦੁਆਰਾ ਜੋ ਉਨ੍ਹਾਂ ਦੇ ਉੱਤੇ ਲੱਦ ਦਿੱਤੀ ਗਈ ਸੀ, ਨਿਰਦੋਸ਼ ਪੀੜਿਤ ਨਹੀਂ ਸਨ; ਸਰਾਪ ਉਨ੍ਹਾਂ ਦੇ ਉੱਤੇ ਇਸ ਲਈ ਆਇਆ ਸੀ ਕਿਉਂਕਿ ਉਨ੍ਹਾਂ ਨੇ ਹਾਮ ਵਰਗੇ ਕੰਮ ਕੀਤੇ ਸਨ ਅਤੇ ਇੱਥੋਂ ਤੱਕ ਕਿ ਜਿਨਸੀ ਅਪਰਾਧਾਂ ਵਿਚ ਆਪਣੇ ਪਿਉ-ਦਾਦਿਆਂ ਤੋਂ ਵੀ ਕਿਤੇ ਵੱਧ ਗਏ ਸਨ ਜੋ ਉਨ੍ਹਾਂ ਦੀ ਮੂਰਤੀਪੂਜਕ ਜੀਵਨਸ਼ੈਲੀ ਦਾ ਇੱਕ ਹਿੱਸਾ ਸਨ। ਇਸਰਾਏਲੀਆਂ ਦੁਆਰਾ ਉਨ੍ਹਾਂ ਨੂੰ ਕਨਾਨ ਦੇਸ ਤੋਂ ਵਾਂਝੇ ਰੱਖਿਆ ਗਿਆ ਸੀ ਕਿਉਂਕਿ ਉਨ੍ਹਾਂ ਦੇ ਪਾਪ ਇੰਨੇ ਵੱਧ ਗਏ ਸਨ ਕਿ ਪਰਮੇਸ਼ੁਰ ਉਨ੍ਹਾਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਸੀ (ਵੇਖੋ 15:16; ਲੇਵੀਆਂ 18:3-30; ਬਿਵਸਥਾ ਸਾਰ 9:4-6)।

**ਸ਼ੇਮ ਅਤੇ ਯਾਫਥ ਦੇ ਉੱਤੇ ਨੂਹ ਦੀ ਅਸੀਸ (9:26, 27)**

**26ਫੇਰ ਉਸ ਨੇ ਆਖਿਆ, ਧੰਨ ਹੋਵੇ ਯਹੋਵਾਹ ਸ਼ੇਮ ਦਾ ਪਰਮੇਸ਼ੁਰ ਅਤੇ ਕਨਾਨ ਉਸ ਦਾ ਦਾਸ ਹੋਊ। 27ਪਰਮੇਸ਼ੁਰ ਯਾਫਥ ਨੂੰ ਵਧਾਵੇ। ਉਹ ਸ਼ੇਮ ਦੇ ਤੰਬੂਆਂ ਵਿੱਚ ਵੱਸੇ ਅਤੇ ਕਨਾਨ ਉਸ ਦਾ ਦਾਸ ਹੋਵੇ।**

**ਆਇਤ 26.** ਨੂਹ ਨੇ ਸਿਰਫ ਅਪਰਾਧੀ ਨੂੰ ਸਰਾਪ ਦੇ ਕੇ ਹੀ ਬੰਦ ਨਹੀਂ ਕੀਤਾ ਸੀ। ਉਸ ਨੇ ਇਹ ਵੀ ਕਿਹਾ, **ਧੰਨ ਹੋਵੇ ਯਹੋਵਾਹ ਸ਼ੇਮ ਦਾ ਪਰਮੇਸ਼ੁਰ।** "ਸ਼ੇਮ" ਬਰਕਤ ਦਾ ਪਾਤਰ ਨਹੀਂ ਸੀ; ਇਹ "ਯਹੋਵਾਹ" ਦਾ ਨਿਰਦੇਸ਼ ਸੀ। ਆਮ ਤੌਰ ਤੇ, ਉਹ ਵਿਅਕਤੀ ਜੋ ਪਰਮੇਸ਼ੁਰ ਦੁਆਰਾ ਨਿਰਦੇਸ਼ਿਤ ਅਸੀਸ ਦਿੰਦਾ ਹੈ ਉਹ ਇਸ ਗੱਲ ਦੀ ਪਹਿਚਾਣ ਕਰਾਉਂਦਾ ਹੈ ਕਿ ਉਸ ਨੇ ਉਸਤਤ ਦਾ ਖਾਸ ਪਰਗਟਾਵਾ ਕਰਨ ਦੇ ਲਈ ਕੀ ਕੀਤਾ ਸੀ। ਇੱਕ ਨਿਸ਼ਚਤ ਸਪੱਸ਼ਟੀਕਰਣ ਦੀ ਕਮੀ ਪਾਠਕ ਨੂੰ ਇਹ ਵਿਸ਼ਵਾਸ ਦਿਵਾਉਂਦੀ ਹੈ ਕਿ ਨੂਹ "ਸ਼ੇਮ ਦਾ ਪਰਮੇਸ਼ੁਰ" ਹੋਣ ਦੇ ਲਈ "ਯਹੋਵਾਹ" ਦੀ ਉਸਤਤ ਕਰ ਰਿਹਾ ਸੀ। ਨੂਹ ਨੇ ਇਹ ਮਹਿਸੂਸ ਕੀਤਾ ਹੋਵੇਗਾ ਕਿ, ਹਾਮ ਦੇ ਉਲਟ, ਸ਼ੇਮ ਪਰਮੇਸ਼ੁਰ ਨੂੰ ਸਮਰਪਿਤ ਸੀ। ਪਰਮੇਸ਼ੁਰ ਦੀ ਚੋਣ ਦੀ ਰੇਖਾ ਉਸ ਦੇ ਦੁਆਰਾ ਜਾਰੀ ਰਹੇਗੀ, ਜਿਵੇਂ ਇਹ ਪਹਿਲਾਂ ਸੇਥ ਦੇ ਦੁਆਰਾ ਆਈ ਸੀ (4:26)। ਯਕੀਨੀ ਤੌਰ ਤੇ, ਇਹ, ਇਹ 11:10-26 ਦੀ ਬੰਸਾਵਲੀ ਦੇ ਦੁਆਰਾ ਲਿਆਂਦਾ ਗਿਆ ਹੈ, ਜੋ ਅਬਰਾਹਾਮ ਦੀ ਬੁਲਾਹਟ ਦੇ ਦੁਆਰਾ ਸਮਾਪਤ ਹੁੰਦੀ ਹੈ (12:1-3)।

ਸ਼ੇਮ ਦੇ ਦੁਆਰਾ ਪਰਮੇਸ਼ੁਰ ਦੇ ਰੂਪ ਵਿਚ ਯਹੋਵਾਹ ਦੀ ਪ੍ਰਸ਼ੰਸਾ ਕਰਨ ਤੋਂ ਬਾਅਦ, ਫਿਰ ਨੂਹ ਨੇ ਕਿਹਾ, **ਅਤੇ ਕਨਾਨ ਉਸ ਦਾ ਦਾਸ ਹੋਵੇ।** ਪੂਰਵਜ ਦੇ ਵੱਲੋਂ ਬੋਲੇ ਗਏ ਇਸ ਬਿਆਨ ਨੂੰ ਇਸਰਾਏਲੀਆਂ ਦੀਆਂ ਕਨਾਨੀਆਂ ਦੇ ਨਾਲ ਬਾਅਦ ਵਿਚ ਹੋਣ ਵਾਲੀਆਂ ਲੜਾਈਆਂ ਅਤੇ ਅੰਤ ਵਿਚ ਪਰਮੇਸ਼ੁਰ ਦੇ ਚੁਣੇ ਹੋਏ ਰਾਸ਼ਟਰ ਦੇ ਦੁਆਰਾ ਹਰਾ ਦਿੱਤੇ ਜਾਣ ਤੋਂ ਵੱਖਰਾ ਕਰਕੇ ਸਮਝ ਸਕਣਾ ਮੁਸ਼ਕਲ ਹੈ। ਆਉਣ ਵਾਲੇ ਸਮੇਂ ਵਿਚ ਕਨਾਨੀ ਲੋਕਾਂ ਜਿਸ ਗੁਲਾਮੀ ਨੂੰ ਭੋਗਣਾ ਸੀ ਉਸ ਗੁਲਾਮੀ ਦੀ ਸਜ਼ਾ ਦਾ ਆਧਾਰ ਹਾਮ ਦਾ ਪਾਪ ਨਹੀਂ ਸੀ, ਪਰ ਉਨ੍ਹਾਂ ਦੁਆਰਾ ਕੀਤੀ ਜਾਣ ਵਾਲੀ ਆਪਣੀ ਅੱਤ ਬੁਰਾਈ ਤੇ ਆਧਾਰਤ ਸੀ। ਜਲ ਪਰਲੋ ਤੋਂ ਬਾਅਦ ਸ਼ੁਰੂ ਹੋਈ ਪਾਪ ਦੀ ਛੋਟੀ ਜਿਹੀ ਧਾਰਾ ਆਖਿਰਕਾਰ ਹਾਮ ਦੇ ਉੱਤਰਾਧਿਕਾਰੀ ਕਨਾਨੀ ਲੋਕਾਂ ਦੇ ਜੀਵਨਾਂ ਵਿਚ ਦੁਸ਼ਤਟਾ ਅਤੇ ਮੂਰਤੀਪੂਜਾ ਦਾ ਇੱਕ ਵੱਡਾ ਹੜ੍ਹ ਬਣ ਜਾਵੇਗੀ। ਫਿਰ ਵੀ, ਇਹ ਭਵਿੱਖਵਾਣੀ ਸੈਂਕੜੇ ਸਾਲਾਂ

ਦੇ ਬਾਅਦ ਤੱਕ ਵੀ ਪੂਰੀ ਨਹੀਂ ਹੋਣੀ ਸੀ ਜਦੋਂ ਤੱਕ, ਉਨ੍ਹਾਂ ਦੀ ਦੁਸ਼ਟਤਾ “ਸੰਪੂਰਣ” ਨਾ ਹੋ ਜਾਂਦੀ (15:16)।[20] ਪਰਮੇਸ਼ੁਰ ਨੇ ਸਜ਼ਾ ਦੇਣ ਵਿਚ ਧੀਰਜ ਧਰਿਆ ਅਤੇ ਕਨਾਨ ਦੇ ਵਾਸੀਆਂ ਨੂੰ ਤੋਬਾ ਕਰਨ ਦੇ ਲਈ ਬਹੁਤ ਵੱਡਾ ਮੌਕਾ ਪ੍ਰਦਾਨ ਕੀਤਾ ਸੀ (ਵੇਖੋ 2 ਪਤਰਸ 3:9)।

**ਆਇਤ 27.** ਸਰਾਪ ਅਤੇ ਬਰਕਤ ਦੇਣ ਤੋਂ ਬਾਅਦ, ਨੂਹ ਨੇ ਇੱਕ ਬੇਨਤੀ ਕੀਤੀ: **ਪਰਮੇਸ਼ੁਰ ਯਾਫਥ ਨੂੰ ਵਧਾਵੇ।** ਇਹ ਬੇਨਤੀ, ਜੋ 9:26 ਵਿਚ ਉਸ ਦੀ ਬਰਕਤ ਦੇ ਸਮਾਨ ਹੈ, ਇਸ ਨੂੰ ਕਨਾਨ ਤੇ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਦੇ ਇੱਕ ਲੇਖਕ ਦੀ ਜਾਂਚ ਦੀ ਬਜਾਇ ਜਿਵੇਂ ਕੁਝ ਲੋਕ ਮੰਨਦੇ ਹਨ, ਭਵਿੱਖ ਵਿਚ ਹੋਣ ਵਾਲੀਆਂ ਕਈ ਮਹਾਨ ਘਟਨਾਵਾਂ ਦੀ ਭਵਿੱਖਵਾਣੀ ਦੇ ਰੂਪ ਵਿਚ ਲਿਆ ਜਾਣਾ ਚਾਹੀਦਾ ਹੈ।

ਆਇਤ 27 ਦੇ ਪਹਿਲੇ ਭਾਗ ਵਿਚ ਇੱਕ ਹੋਰ ਸ਼ਬਦ-ਸ਼ੈਲੀ ਨਜ਼ਰ ਆਉਂਦੀ ਹੈ, ਜਦੋਂ ਕੁੱਲਪਿਤਾ ਨੇ ਪ੍ਰਭੂ ਨੂੰ ਅਪੀਲ ਕੀਤੀ ਕਿ ਉਹ “ਯਾਫਥ” (יֶפֶת, *ਯੇਪੇਥ)* ਨੂੰ “ਵਧਾਵੇ” (יַפְתְּ, *ਯਾਪਥੇ)*। ਯਾਫਥ ਦਾ ਪਰਿਵਾਰ ਕਿਵੇਂ ਵਧਾਇਆ ਗਿਆ ਸੀ? ਨੂਹ ਦੇ ਇਸ ਪੁੱਤਰ ਤੋਂ ਬੰਸਕ੍ਰਮ ਦੇ ਅਨੁਸਾਰ ਕਿਹੜੇ ਲੋਕ ਆਉਂਦੇ ਹਨ? ਉਤਪਤ 10:2-5 ਵਿਚ, ਯਾਫਥ ਨੂੰ ਪ੍ਰਾਚੀਨ ਅੰਤੋਲੀਆ (ਆਧੁਨਿਕ ਤੁਰਕੀ, ਸਾਬਕਾ ਸੋਵੀਅਤ ਯੂਨੀਅਨ ਦੇ ਦੱਖਣੀ ਪੜਾਵਾਂ ਸਮੇਤ) ਅਤੇ ਪੱਛਮ ਤੋਂ ਗ੍ਰੀਸ ਅਤੇ ਏਸ਼ੀਅਨ ਖੇਤਰ ਸਮੇਤ, ਜਿਸ ਵਿਚ ਕਈ ਇੰਡੋ-ਯੂਰਪੀ ਲੋਕ ਸ਼ਾਮਲ ਹਨ ਮਸੀਹੀਆਂ ਦੇ ਉੱਤਰ ਸਮੂਹ ਦੇ ਲੋਕਾਂ ਦੇ ਪੂਰਵਜ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ।[21]

ਅਤੇ ਅਗਲਾ ਭਾਗ, **ਉਹ ਸ਼ੇਮ ਦੇ ਤੰਬੂਆਂ ਵਿੱਚ ਵੱਸੇ**, ਕਾਫੀ ਸਪੱਸ਼ਟ ਲੱਗਦਾ ਹੈ – ਪਰ “ਉਹ” ਕਿਸ ਦਾ ਉਲੇਖ ਕਰਦਾ ਹੈ? ਜਦੋਂ ਇਸ ਲਿਖਤ ਨੂੰ ਅਰਾਮੀ ਭਾਸ਼ਾ ਦੇ ਵਿਚ ਸਮਝਾਇਆ ਜਾਂਦਾ ਹੈ, ਤਾਂ ਓਨਕੇਲਾੱਸ ਦਾ ਤਾਰਗੁਮ ਨੇ ਪਰਮੇਸ਼ੁਰ ਦਾ ਉਲੇਖ ਕੀਤਾ ਅਤੇ ਕਿਹਾ, “ਉਹ ਸ਼ੇਮ ਦੇ ਤੰਬੂਆਂ ਵਿਚ ਰਹਿਣ ਦੇ ਲਈ ਸ਼ੇਕਨਾ ਬਣਾਵੇਗਾ।”[22] ਇਹ ਪਿਛਲੀ ਯਹੂਦੀ ਵਿਆਖਿਆ, ਜੋ ਪਹਿਲੀ ਅਤੇ ਦੂਸਰੀ ਸ਼ਤਾਬਦੀ ਦੀ ਈਸਵੀ[23] ਵਿਚ ਕੀਤੀ ਗਈ ਸੀ, ਇਸ ਦੀ ਸ਼ਲਾਘਾ ਕਰਨ ਲਈ ਬਹੁਤ ਹੀ ਘੱਟ ਹੈ। ਇਸ ਤੋਂ ਇਲਾਵਾ, ਇਹ ਵਿਆਕਰਣ ਦੇ ਇੱਕ ਨਿਯਮ ਦਾ ਵੀ ਉਲੰਘਣ ਕਰਦੀ ਹੈ, ਜੋ ਇਹ ਕਹਿੰਦਾ ਹੈ ਕਿ ਪੜਨਾਂਵ ਕੁਦਰਤੀ ਤੌਰ ਤੇ ਆਪਣੇ ਨੇੜੇ ਦੀ ਸਭ ਤੋਂ ਪਹਿਲਾਂ ਵਾਪਰੀ ਘਟਨਾ ਦਾ ਹਵਾਲਾ ਦਿੰਦਾ ਹੈ। ਹਾਲਾਂਕਿ ਇਸ ਨਿਯਮ ਦੇ ਕੁਝ ਅਪਵਾਦ ਹਨ, ਪਰ ਇੱਥੇ ਅਪਵਾਦ ਬਣਾਉਣ ਦੇ ਲਈ ਕੋਈ ਅਪਵਾਦ ਨਹੀਂ ਦਿੱਤਾ ਜਾ ਸਕਦਾ ਹੈ। ਤੰਬੂ ਵਿਚ ਪਰਮੇਸ਼ੁਰ ਆਪਣੇ ਲੋਕਾਂ ਦੇ ਵਿਚਕਾਰ ਨਿਵਾਸ ਕਰਦਾ ਸੀ (ਕੂਚ 25:8; 29:42-46), ਪਰ ਇਹ ਵਿਚਾਰ ਇੱਥੇ ਇੱਕ ਚਰਚਾ ਦੇ ਅਧੀਨ ਨਹੀਂ ਹੈ। ਇਹ ਬਿਆਨ “ਪਰਮੇਸ਼ੁਰ” ਦੇ ਸਾਹਮਣੇ ਇੱਕ ਪ੍ਰਾਰਥਨਾ ਤੋਂ ਵੱਧ ਕੇ ਕੁਝ ਵੀ ਨਹੀਂ ਹੈ ਕਿ ਉਹ “ਯਾਫਥ ਨੂੰ ਵਧਾਵੇ” ਅਤੇ “ਉਹ” (ਯਾਫਥ) “ਸ਼ੇਮ ਦੇ ਤੰਬੂਆਂ ਵਿਚ ਵੱਸੇ।”

ਬੇਨਤੀ ਦਾ ਕੁਦਰਤੀ ਅਰਥ ਇਹ ਹੈ ਕਿ ਨੂਹ ਇਹ ਪ੍ਰਾਰਥਨਾ ਕਰ ਰਿਹਾ ਸੀ ਕਿ ਯਾਫਥ ਦਾ ਖੇਤਰ ਅਤੇ ਪ੍ਰਭਾਵ ਵਧੇ ਅਤੇ ਉਹ ਸ਼ੇਮ ਦੇ ਤੰਬੂਆਂ ਵਿਚ ਜਾਂ ਵਿਚਕਾਰ ਵੱਸੇ। ਕੁਝ ਲੋਕ ਮੰਨਦੇ ਹਨ ਕਿ ਇਹ ਉਸ ਸਮੇਂ ਪੂਰਾ ਹੋ ਗਿਆ ਸੀ ਜਦੋਂ ਕ੍ਰੀਤ ਅਤੇ ਏਸ਼ੀਆ ਦੇ ਟਾਪੂਆਂ ਤੇ ਹਮਲਾ ਕੀਤਾ ਸੀ ਅਤੇ ਨਿਆਈਆਂ ਅਤੇ ਸ਼ਾਊਲ ਦੇ ਰਾਜ ਦੇ ਸਮੇਂ ਬਹੁਤ ਸਾਰੇ ਇਸਰਾਏਲੀਆਂ ਨੂੰ ਅਧੀਨ ਕੀਤਾ ਗਿਆ ਸੀ। ਹੋਰਨਾਂ ਦਾ ਮੰਨਣਾ ਹੈ ਕਿ ਇਹ ਅੰਤਾਕਿਯਾਸ ਐਪੀਫੈਨਸ IV, ਦੂਸਰੀ ਸਦੀ ਈ.ਪੂ. ਵਿਚ ਫਲਿਸਤੀਨ ਤੇ ਰਾਜ ਕਰਨ ਵਾਲੇ ਸਿਲੂਕਸੀ ਰਾਜੇ ਦੇ ਸ਼ਾਸਨ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ ਦੀ ਕੋਈ ਵੀ ਪੂਰਤੀ *ਇੱਕ ਸਰਾਪ* ਹੋਵੇਗੀ, ਕਿਉਂਕਿ ਯਾਫਥ ਦੀ ਅੰਸ ਨੂੰ ਸ਼ੇਮ ਦੇ ਤੰਬੂਆਂ ਵਿਚ ਰਹਿਣ ਜਾਂ ਕਬਜ਼ਾ ਕਰਨ ਦੇ ਲਈ ਮਜ਼ਬੂਰ ਕੀਤਾ ਜਾਵੇਗਾ।

ਇਸ ਦੇ ਉਲਟ, ਇਹ ਬਿਆਨ ਨੂਹ ਦੀ *ਬਰਕਤ* ਦਾ ਹਿੱਸਾ ਹੈ ਕਿ “ਯਾਫਥ” ਦੀ ਅੰਸ “ਸ਼ੇਮ

ਦੇ ਤੰਬੂਆਂ ਵਿੱਚ" (ਸ਼ਾਂਤੀ ਦੇ ਨਾਲ) "ਵੱਸੇ।" ਜਦੋਂ ਤੱਕ ਨਵੇਂ ਨੇਮ ਦਾ ਯੁੱਗ ਨਹੀਂ ਆ ਗਿਆ, ਉਦੋਂ ਤੱਕ ਇਤਹਾਸ ਦੇ ਕਿਸੇ ਵੀ ਅਜਿਹੇ ਸਮੇਂ ਨੂੰ ਖੋਜਣਾ ਮੁਸ਼ਕਲ ਹੈ ਜਦੋਂ ਇਹ ਭਵਿੱਖਵਾਣੀ ਸੱਚਮੁੱਚ ਪੂਰੀ ਹੋਈ ਹੋਵੇ। ਫਿਰ, ਨੂਹ ਦੁਆਰਾ ਪਰਮੇਸ਼ੁਰ ਦੇ ਸਾਹਮਣੇ ਕੀਤੀ ਗਈ ਪ੍ਰਾਰਥਨਾ ਦੀ ਅੰਤਿਮ ਪੂਰਤੀ ਉਸ ਸਮੇਂ ਹੋਣੀ ਸ਼ੁਰੂ ਹੋਈ ਜਾਪਦੀ ਹੈ ਜਦੋਂ ਪੌਲੁਸ ਦੀਆਂ ਇੰਜੀਲ ਦੇ ਪ੍ਰਚਾਰ ਦੀਆਂ ਯਾਤਰਾਵਾਂ ਸੀਰਿਯਾ ਤੋਂ ਤਰਸੁਸ, ਗਲਾਤੀਯਾ ਦੇ ਸ਼ਹਿਰਾਂ, ਅਫ਼ਸੁਸ, ਏਸ਼ੀਅਨ ਸਾਗਰ ਤੋਂ ਮਕਦੂਨਿਯਾ, ਯੂਨਾਨ ਅਤੇ ਉਸ ਤੋਂ ਅੱਗੇ ਸ਼ੁਰੂ ਹੋਈਆਂ ਸਨ। ਇਨ੍ਹਾਂ ਇਲਾਕਿਆਂ ਵਿਚ, ਯਾਫਥ ਦੀ ਅੰਸ (ਗੈਰ ਯਹੂਦੀ ਮਸੀਹੀ) ਅਤੇ ਸ਼ੇਮ ਦੀ ਅੰਸ (ਯਹੂਦੀ ਮਸੀਹੀ) ਲੋਕਾਂ ਦੇ ਨਾਲ ਇੱਕੋ ਨਿਵਾਸ-ਸਥਾਨ ਵਿਚ – ਮਸੀਹ ਦੀ ਆਤਮਿਕ ਦੇਹੀ, ਕਲੀਸੀਆ ਵਿਚ ਸ਼ਾਂਤੀ ਦੇ ਨਾਲ ਲਿਆਏ ਗਏ ਸਨ (ਅਫ਼ਸੀਆਂ 2:11-22)।

9:27 ਦਾ ਆਖਰੀ ਬਿਆਨ ਇਹ ਹੈ ਕਿ **ਕਨਾਨ** ਸਿਰਫ ਸ਼ੇਮ ਦਾ ਹੀ ਨਹੀਂ, ਸਗੋਂ ਯਾਫਥ ਦਾ ਵੀ **ਦਾਸ** ਸੀ। ਇਹ ਤੀਸਰੀ ਵਾਰ ਹੈ ਕਿ ਕਨਾਨ ਦੇ ਭਵਿੱਖ ਦੀ ਗੁਲਾਮੀ (ਬੰਦੀ ਬਣਾਏ ਜਾਣ) ਦੀ ਭਵਿੱਖਵਾਣੀ ਕੀਤੀ ਗਈ ਸੀ, ਤਾਂ ਕਿ ਸਰਾਪ ਨੂੰ ਹੋਰ ਵੀ ਮਜ਼ਬੂਤ ਕੀਤਾ ਜਾ ਸਕੇ। ਪਹਿਲਾਂ ਤੋਂ ਹੀ, ਈ.ਪੂ. ਦੇ ਦੂਸਰੇ ਮਿਲੇਨਿਅਮ ਤੋਂ ਹੀ (ਅਬਰਾਹਾਮ ਦੇ ਸਮੇਂ), ਬਹੁਤ ਸਾਰੇ ਕਨਾਨੀ ਲੋਕ ਸਿਰਫ ਫਲਿਸਤੀਨ ਵਿਚ ਹੀ ਨਹੀਂ, ਸਗੋਂ ਕਨਾਨ ਦੇਸ ਦੇ ਉੱਤਰ ਭੂ-ਮੱਧ ਸਾਗਰ ਦੇ ਪੂਰਬੀ ਤੱਟ (ਆਧੁਨਿਕ ਲਬਾਨੋਨ ਤੋਂ ਸੀਰਿਯਾ ਵਿਚ ਯੂਗਾਰੀਟ) ਦੇ ਨਾਲ ਵੀ ਰਹਿੰਦੇ ਸਨ।[24] ਪੁਰਾਤਨ ਲਿਖਤਾਂ ਦੇ ਅਨੁਸਾਰ, ਇਸਰਾਏਲੀਆਂ ਦੇ ਦੁਆਰਾ ਵਾਇਦਾ ਕੀਤੇ ਹੋਏ ਕਨਾਨ ਦੇਸ ਵਿਚ ਪ੍ਰਵੇਸ਼ ਕਰਨ ਤੋਂ ਥੋੜ੍ਹਾ ਸਮਾਂ ਬਾਅਦ, ਏਸ਼ੀਆ ਦੇ ਟਾਪੂਆਂ ਦੇ ਸਮੁੰਦਰੀ ਲੋਕ (ਜਿਨ੍ਹਾਂ ਵਿਚੋਂ ਕੁਝ ਯਾਫਥ ਦੀ ਅੰਸ ਵਿਚੋਂ ਸਨ) ਵੀ ਇਨ੍ਹਾਂ ਇਲਾਕਿਆਂ ਵਿਚ ਜਗਾ ਬਣਾ ਰਹੇ ਸਨ ਜਿਨ੍ਹਾਂ ਵਿਚ ਕਨਾਨੀ ਲੋਕ ਬਹੁਤ ਲੰਬੇ ਸਮੇਂ ਤੋਂ ਅਧਿਕਾਰ ਵਿਚ ਕੀਤਾ ਹੋਇਆ ਸੀ। ਅਜਿਹੀਆਂ ਘਟਨਾਵਾਂ ਨੂਹ ਦੇ ਦੁਆਰਾ ਯਾਫਥ ਨੂੰ ਦਿੱਤੀ ਗਈ ਬਰਕਤ ਦੀ ਪੂਰਤੀ ਹੋ ਸਕਦੀਆਂ ਹਨ।

## ਨੂਹ ਦੀ ਮੌਤ (9:28, 29)

**[28]ਪਰਲੋ ਦੇ ਪਿੱਛੋਂ ਨੂਹ ਤਿੰਨ ਸੌ ਪੰਜਾਹ ਵਰਿਹਾਂ ਤੀਕ ਜੀਉਂਦਾ ਰਿਹਾ। [29]ਅਰ ਨੂਹ ਦੇ ਸਾਰੇ ਦਿਨ ਨੌ ਸੌ ਪੰਜਾਹ ਵਰਹੇ ਸਨ ਤਾਂ ਉਹ ਮਰ ਗਿਆ।**

5:3-32 ਵਿਚ ਦਿੱਤੀ ਗਈ ਸੇਥ ਦੀ ਬੰਸਾਵਲੀ ਨੂੰ ਪੂਰਾ ਕਰਨ ਦੇ ਲਈ ਨੂਹ ਦੀ ਕਹਾਣੀ ਮੌਤ ਦੇ ਲੇਖ ਦੀ ਜਾਣਕਾਰੀ ਦੇ ਦੋ ਟੁਕੜਿਆਂ ਦੇ ਨਾਲ ਸਮਾਪਤ ਹੁੰਦੀ ਹੈ।

**ਆਇਤ 28.** ਅਧਿਆਇ 5 ਉੱਤੇ ਚਰਚਾ ਕਰਦੇ ਸਮੇਂ, ਅਸੀਂ ਉਨ੍ਹਾਂ ਪ੍ਰਾਚੀਨ ਲੇਖਾਂ ਵਿਚ "10" ਦੇ ਮਹੱਤਵ ਦਾ ਉਲੇਖ ਕੀਤਾ ਹੈ। ਨੂਹ ਨੇ ਉਸ ਪੁਰਾਤਨ ਪੂਰਵਜਾਂ ਦੇ ਖਾਤੇ ਵਿਚ ਦੱਸਵਾਂ ਅਤੇ ਅੰਤਿਮ ਸਥਾਨ ਹਾਸਲ ਕੀਤਾ। ਇੱਥੇ, ਲਿਖਤ ਕਹਿੰਦੀ ਹੈ ਕਿ **ਪਰਲੋ ਦੇ ਪਿੱਛੋਂ ਨੂਹ ਤਿੰਨ ਸੌ ਪੰਜਾਹ ਵਰਿਹਾਂ ਤੀਕ ਜੀਉਂਦਾ ਰਿਹਾ**। ਇਸ ਲਈ, ਇਹ ਜਲ ਪਰਲੋ ਤੋਂ ਪਹਿਲਾਂ ਦੇ ਸੰਸਾਰ ਅਤੇ ਜਲ ਪਰਲੋ ਤੋਂ ਬਾਅਦ ਦੇ ਸੰਸਾਰ ਦੇ ਵਿਚਕਾਰ ਇੱਕ ਮਹੱਤਵਪੂਰਣ ਕੜੀ ਸੀ।

ਅਧਿਆਇ 5 ਵਿਚ ਸੇਥ ਦੇ ਵਾਰਸਾਂ ਦੇ ਬਾਰੇ ਆਮ ਪਰਗਟਾਵਾ ਕਿ, "ਉਸ ਤੋਂ ਪੁੱਤ੍ਰ ਧੀਆਂ ਜੰਮੇ" ਗਾਇਬ ਹੈ। ਇਹ ਭੁੱਲ ਇਸ ਗੱਲ ਨੂੰ ਯਕੀਨੀ ਬਣਾ ਦਿੰਦੀ ਹੈ ਕਿ ਜਲ ਪਰਲੋ ਤੋਂ ਬਾਅਦ ਸਾਰੇ ਮਨੁੱਖ ਨੂਹ ਦੇ ਤਿੰਨਾਂ ਪੁੱਤਰਾਂ: ਸ਼ੇਮ, ਹਾਮ, ਅਤੇ ਯਾਫਥ ਦੀ ਅੰਸ ਸਨ।

**ਆਇਤ 29.** ਪੂਰਵਜਾਂ ਦੀ ਮੌਤ ਦਾ ਲੇਖ ਇਹ ਕਹਿੰਦੇ ਹੋਏ ਸਮਾਪਤ ਹੁੰਦਾ ਹੈ, **ਨੂਹ ਦੇ ਸਾਰੇ ਦਿਨ ਨੌ ਸੌ ਪੰਜਾਹ ਵਰਹੇ ਸਨ ਤਾਂ ਉਹ ਮਰ ਗਿਆ**। ਯੂਟਨਾਪਿਸ਼ਟਿਮ ਦੀ

ਮਿਥਿਹਾਸਵਾਦੀ ਕਹਾਣੀ ਵਿਚ, ਬਾਬਲ ਦੇ ਨੂਹ ਨੂੰ ਜਲ ਪਰਲੋ ਤੋਂ ਬਾਅਦ ਦੇ ਦੇਵਤਿਆਂ ਦੇ ਵਾਂਗ ਅਮਰ ਬਣਾਇਆ ਗਿਆ ਸੀ।[25] ਹਨੋਕ ਨੂੰ ਛੱਡ ਕੇ; 5:3-32 ਦੀ ਸੂਚੀ ਵਿਚ ਦਿੱਤੇ ਗਏ ਅਸਲੀ ਨੂਹ ਦੇ ਸਾਰੇ ਪੂਰਵਜਾਂ ਦੇ ਸਮਾਨ ਇੱਕੋ ਕਿਸਮ ਦੀ ਮੌਤ ਦਾ ਸਾਹਮਣਾ ਪਿਆ, ਅਰਥਾਤ, "ਤਾਂ ਉਹ ਮਰ ਗਿਆ।"

# ਪ੍ਰਾਸੰਗਿਕਤਾ

### ਪਰਮੇਸ਼ੁਰ ਦੇ ਕਿਰਪਾ ਦੇ ਨਾਲ ਭਰੇ ਹੋਏ ਦਾਨ (9:1-20)

ਇੱਕ ਆਇਤ ਵਿਚ, ਨੂਹ ਇੱਕ ਦੂਸਰਾ ਆਦਮ ਸੀ। ਉਸ ਨੇ ਅਤੇ ਉਸ ਦੇ ਪਰਿਵਾਰ ਨੇ ਕਿਸ਼ਤੀ ਵਿਚੋਂ ਬਾਹਰ ਨਿਕਲ ਕੇ ਇੱਕ ਨਵੇਂ ਸੰਸਾਰ ਵਿਚ ਕਦਮ ਰੱਖਿਆ ਜਿਸਨੂੰ ਜਲ ਪਰਲੋ ਤੋਂ ਪਹਿਲਾਂ ਦੀ ਆਬਾਦੀ ਦੇ ਦੁਆਰਾ ਕੀਤੀ ਗਈ ਦੁਸ਼ਟਤਾ ਤੋਂ ਸ਼ੁੱਧ ਕੀਤਾ ਗਿਆ ਸੀ। ਪਰਮੇਸ਼ੁਰ, ਆਪਣੀ ਕਿਰਪਾ ਦੇ ਨਾਲ ਮਨੁੱਖਤਾ ਨੂੰ ਇੱਕ ਨਵੀਂ ਸ਼ੁਰੂਆਤ ਦੇ ਰਿਹਾ ਸੀ। ਉਸ ਨੇ ਅਦਨ ਦੇ ਬਾਗ ਵਿਚ ਆਦਮ ਅਤੇ ਹੱਵਾਹ ਦੁਆਰਾ ਕੀਤੇ ਗਏ ਪਾਪ ਦੀ ਵਜ੍ਹਾ ਨਾਲ ਦਿੱਤੇ ਗਏ ਸਰਾਪ ਨੂੰ ਰੱਦ ਨਹੀਂ ਕੀਤਾ, ਪਰ ਉਸ ਨੇ ਸਰਿਸ਼ਟੀ ਦੀਆਂ ਕੁਝ ਮੂਲ ਅਸੀਸਾਂ ਨੂੰ ਦੁਹਰਾਇਆ। ਉਸ ਨੇ ਨਵੀਂ ਮਨੁੱਖਤਾ ਦੇ ਪੂਰਵਜਾਂ ਨੂੰ ਕੁਝ ਵਾਧੂ ਅਸੀਸਾਂ ਵੀ ਦਿੱਤੀਆਂ।

*ਦਾਨ 1: ਮਨੁੱਖੀ ਪਰਿਵਾਰ ਦਾ ਵਾਧਾ* (9:1, 7)। ਪਹਿਲਾ ਹੁਕਮ ਅਤੇ ਅਸੀਸ ਜੋ ਸਰਿਸ਼ਟੀ ਵਿਚ ਦਿੱਤਾ ਗਿਆ ਸੀ (1:28), ਉਹ ਜਲ ਪਰਲੋ ਤੋਂ ਬਚਿਆਂ ਹੋਇਆਂ ਨੂੰ ਬੇਨਤੀ ਕਰਨ ਦੇ ਲਈ ਕਿ "ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ" (9:1, 7), ਨੂਹ ਦੇ ਪਰਿਵਾਰ ਦੇ ਲਈ ਦੂਸਰੀ ਵਾਰ ਦੁਹਰਾਈ ਗਈ ਸੀ। ਪਰਮੇਸ਼ੁਰ ਦੇ ਦੁਆਰਾ ਵਿਆਹ ਦੀ ਪੁਸ਼ਟੀ ਇੱਕ ਪਵਿੱਤਰ ਸੰਸਥਾ ਦੇ ਰੂਪ ਵਿਚ ਕੀਤੀ ਗਈ (2:22-25; ਵੇਖੋ ਮੱਤੀ 19:4-6), ਤਾਂਕਿ ਬੁਰੇ ਰਿਸ਼ਤਿਆਂ ਤੋਂ ਉਤਾਂਹ ਜਿਨਸੀ ਸੰਬੰਧਾਂ ਵਿਚ ਅਤੇ ਸਮਾਜਿਕ ਸਥਿਰਤਾ ਵਿਚ ਵਾਧਾ ਕੀਤਾ ਜਾ ਸਕੇ। ਇਹ ਪਰਮੇਸ਼ੁਰ ਦੀ ਕੋਸ਼ਿਸ਼ ਸੀ ਕਿ ਮਨੁੱਖ ਨੂੰ ਅਣਕੱਥ ਇੱਛਾਵਾਂ ਅਤੇ ਬੇਕਾਬੂ ਸਰੀਰਕ ਕਾਮਨਾਵਾਂ ਤੋਂ ਉੱਪਰ ਉਠਾਵੇ। ਦੁਨੀਆਂ ਦਾ ਜ਼ਿਆਦਾਤਰ ਭ੍ਰਿਸ਼ਟਾਚਾਰ ਬਹੁਵਿਆਹਾਂ ਦੀ ਪ੍ਰਥਾ ਅਤੇ ਬਿਨਾਂ ਕਾਰਣਾਂ ਤੋਂ ਵਿਆਹਾਂ ਦੁਆਰਾ ਇਸ ਸੰਸਥਾ ਦੀ ਬੇਅਦਬੀ ਕਰਨ ਦੇ ਕਾਰਣ ਆਇਆ ਸੀ।

ਆਦਮ ਅਤੇ ਹੱਵਾਹ ਦੀ ਜ਼ਿਆਦਾਤਰ ਸੰਤਾਨ ਨੇ ਧਰਤੀ ਵਿਚ ਫੈਲਣ ਵਾਲੇ ਵੱਡੇ ਪਾਪਾਂ ਵਿਚ ਹਿੱਸਾ ਲਿਆ। ਪਰ, ਸੇਥ ਦੀ ਧਰਮੀ ਲਕੀਰ ਨੇ ਸੱਚੇ ਪਰਮੇਸ਼ੁਰ ਦੇ ਗਿਆਨ ਦੀ ਰਾਖੀ ਕੀਤੀ ਅਤੇ ਉਸ ਨੇ ਇਸ ਨੂੰ ਆਪਣੀ ਸੰਤਾਨ ਨੂੰ ਸੌਂਪ ਦਿੱਤਾ। ਇਹ ਪ੍ਰਕਿਰਿਆ ਨੂਹ ਦੇ ਦੁਆਰਾ ਸਿਖਰ ਤੇ ਪਹੁੰਚੀ। ਮਨੁੱਖ ਦੇ ਪਾਪੀ ਸੁਭਾਅ ਦੇ ਬਾਵਜੂਦ, ਪਰਮੇਸ਼ੁਰ ਹੁਣ ਵੀ ਸੀਮਿਤ ਮਨੁੱਖਾਂ ਦੇ ਦੁਆਰਾ ਅੰਤਿਮ ਛੁਟਕਾਰਾ ਲਿਆਉਣ ਦੇ ਦੁਆਰਾ ਕਿਰਪਾ ਨਾਲ ਭਰਪੂਰ ਕੰਮ ਕਰਨਾ ਚਾਹੁੰਦਾ ਸੀ ਨੂਹ ਦੀ ਇੱਕ ਸੰਤਾਨ ਦੇ ਰਾਹੀਂ: ਸ਼ੇਮ (10:21-31), ਜੋ ਅਬਰਾਮ (ਜਾਂ ਅਬਰਾਹਾਮ; 11:10-26) ਦਾ ਪੂਰਵਜ ਸੀ ਅਤੇ ਜਿਸ ਦੀ ਅੰਤਿਮ ਸੰਤਾਨ ਯਿਸੂ ਮਸੀਹ ਹੋਵੇਗਾ (ਮੱਤੀ 1:1-17; ਗਲਾਤੀਆਂ 3:8-29)।

ਲਿਖਤਾਂ ਵਿਚ ਬੱਚਿਆਂ ਨੂੰ ਪਰਮੇਸ਼ੁਰ ਵੱਲੋਂ ਮਿਲੀ ਹੋਈ ਇੱਕ ਮਿਰਾਸ ਮੰਨਿਆ ਜਾਂਦਾ ਹੈ। ਬਹੁਤ ਸਾਰੇ ਬੱਚਿਆਂ ਅਤੇ ਪੋਤਿਆਂ-ਪੋਤੀਆਂ ਦਾ ਹੋਣਾ ਹਮੇਸ਼ਾ ਪਰਮੇਸ਼ੁਰ ਦੀ ਕਿਰਪਾ ਦਾ ਸਬੂਤ ਮੰਨਿਆ ਜਾਂਦਾ ਸੀ (24:60; ਜ਼ਬੂਰਾਂ 127:3-5; 128:3, 4)। ਦੁੱਖ ਦੀ ਗੱਲ ਹੈ ਕਿ ਦੁਨੀਆਂ ਦੇ ਬਹੁਤ ਸਾਰੇ ਲੋਕ ਅੱਜ ਬੱਚਿਆਂ ਨੂੰ ਉਸ ਤਰੀਕੇ ਦੇ ਨਾਲ ਨਹੀਂ ਵੇਖਦੇ ਹਨ, ਜਿਵੇਂ ਕਿ ਵੱਖ-

ਵੱਖ ਦੇਸ਼ਾਂ ਦੀ ਗਰਭਪਾਤ ਦਰ ਦੇ ਦੁਆਰਾ ਵੇਖਿਆ ਗਿਆ ਹੈ। ਬਾਈਬਲ ਦੇ ਸਮਿਆਂ ਵਿਚ, ਪਰਮੇਸ਼ੁਰ ਦੇ ਲੋਕਾਂ ਨੇ ਇੱਕ ਬੱਚੇ ਦੇ ਗਰਭਪਾਤ ਦੇ ਵਿਸ਼ੇ ਵਿਚ ਨਹੀਂ ਸੋਚਿਆ ਹੋਵੇਗਾ। ਉਹ ਜਾਣਦੇ ਸਨ ਕਿ ਜੀਵਨ ਪਰਮੇਸ਼ੁਰ ਦਾ ਵਰਦਾਨ ਹੈ ਅਤੇ ਬੱਚਿਆਂ ਨੂੰ ਪ੍ਰਭੂ ਦੇ ਵੱਲੋਂ ਇੱਕ ਅਸੀਸ ਦੇ ਰੂਪ ਵਿਚ ਵੇਖਿਆ ਜਾਂਦਾ ਸੀ ਤਾਂ ਕਿ ਉਨ੍ਹਾਂ ਪਰਮੇਸ਼ੁਰ ਦੀ ਮਹਿਮਾ ਦੇ ਲਈ ਪਿਆਰ ਕੀਤਾ, ਸੰਭਾਲਿਆ ਅਤੇ ਨਿਰਦੇਸ਼ਿਤ ਕੀਤਾ ਜਾ ਸਕਦਾ ਹੈ।

*ਦਾਨ 2: ਮਨੁੱਖੀ ਜੀਵਨ ਦੀ ਕਦਰ* (9:2-4, 20)। ਪਵਿੱਤਰ ਬਾਈਬਲ ਇਸ ਗੱਲ ਦੇ ਵਿਸ਼ੇ ਵਿਚ ਚੁੱਪ ਹੈ ਕਿ ਜਲ ਪਰਲੋ ਤੋਂ ਪਹਿਲਾਂ ਮਨੁੱਖ ਜਾਨਵਰਾਂ ਦਾ ਮਾਸ ਖਾਂਦੇ ਸਨ ਕਿ ਨਹੀਂ। ਅਸੀਂ ਇਹ ਜਾਣਦੇ ਹਾਂ ਕਿ, ਮਨੁੱਖ ਦੇ ਪਤਨ ਤੋਂ ਬਾਅਦ, ਬਹੁਤ ਸਾਰੇ ਲੋਕ ਆਪਣੇ ਨਾਲ ਦੇ ਲੋਕਾਂ ਦਾ ਖ਼ੂਨ ਵਹਾਉਣ ਦੇ ਵਿਸ਼ੇ ਵਿਚ ਉਦਾਸੀਨ ਸਨ (4:8, 14, 23, 24; 6:11); ਅਤੇ ਇਹ ਗੱਲ ਸੰਦੇਹਪੂਰਣ ਹੈ ਕਿ ਉਹ ਖਾਣ ਦੇ ਲਈ ਜਾਨਵਰਾਂ ਨੂੰ ਮਾਰਨ ਤੋਂ ਝਿਜਕਦੇ ਹੋਣਗੇ। ਬਾਅਦ ਵਿਚ ਸ਼ਾਇਦ ਪਰਮੇਸ਼ੁਰ ਨੇ ਉਸ ਦੀ ਆਗਿਆ ਦਿੱਤੀ ਹੋਵੇ, ਪਰ ਨੂਹ ਅਤੇ ਉਸ ਦੇ ਪਰਿਵਾਰ ਦੇ ਦੁਆਰਾ ਕਿਸ਼ਤੀ ਦੇ ਵਿਚੋਂ ਬਾਹਰ ਨਿਕਲਣ ਤੋਂ ਬਾਅਦ ਇਸ ਅਭਿਆਸ ਦਾ ਪਹਿਲਾ ਸਾਕਾਰਾਤਮਕ ਅਧਿਕਾਰ ਆਇਆ। ਉਨ੍ਹਾਂ ਬੀਜਾਂ ਤੋਂ ਇਲਾਵਾ ਜੋ ਨੂਹ ਨੇ ਨਵੇਂ ਸੰਸਾਰ ਦੇ ਵਿਚ ਭੋਜਨ ਪੈਦਾ ਕਰਨ ਦੇ ਲਈ ਉਗਾਉਣ ਦੇ ਲਈ ਲਿਆਂਦੇ ਸਨ (9:20), ਪਰਮੇਸ਼ੁਰ ਨੇ ਮਨੁੱਖ ਦੇ ਲਈ ਧਰਤੀ ਦੇ ਹਰ ਜਾਨਵਰ, ਅਕਾਸ਼ ਦੇ ਹਰ ਪੰਛੀ, ਧਰਤੀ ਦੀਆਂ ਰੇਂਗਣ ਵਾਲੀਆਂ ਚੀਜ਼ਾਂ, ਅਤੇ ਸਮੁੰਦਰ ਦੀਆਂ ਮੱਛੀਆਂ ਦਾ ਪ੍ਰਬੰਧ ਵੀ ਕੀਤਾ (9:3)।

ਪ੍ਰਭੂ ਨੇ ਇਨ੍ਹਾਂ ਸਾਰੇ ਪ੍ਰਾਣੀਆਂ ਦੇ ਅੰਦਰ ਮਨੁੱਖ ਦਾ ਡਰ ਸੀ (9:2)। ਇਹ ਤਬਦੀਲੀ ਇਸ ਲਈ ਕੀਤੀ ਗਈ ਸੀ ਤਾਂ ਕਿ ਉਹ ਅਸਾਨੀ ਦੇ ਨਾਲ ਮਨੁੱਖਾਂ ਤੋਂ ਦੂਰ ਭੱਜ ਜਾਣ ਅਤੇ ਬਦਸਲੂਕੀ ਦੇ ਨਾਲ ਸ਼ਿਕਾਰ ਹੋ ਕੇ ਖਤਮ ਨਾ ਹੋ ਜਾਣ। ਮਨੁੱਖ ਜਾਤੀ ਅਤੇ ਜਾਨਵਰਾਂ ਨੂੰ ਸਰੀਰਕ ਤੌਰ ਤੇ ਜੀਉਂਦੇ ਰਹਿਣ ਦੇ ਲਈ, ਭਾਵੇਂ ਜਾਨਵਰ ਹੋਣ ਜਾਂ ਸਬਜ਼ੀਆਂ, ਉਨ੍ਹਾਂ ਨੂੰ ਹੋਰਨਾਂ ਜਾਨਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਕਾਰਣ, ਪਰਮੇਸ਼ੁਰ ਨੇ ਮਨੁੱਖ ਨੂੰ ਸਾਰੀ ਧਰਤੀ ਦੇ ਉੱਤੇ ਅਧਿਕਾਰ ਦਿੱਤਾ ਸੀ। ਪਰ ਉਸ ਨੇ ਮਨੁੱਖ ਦੇ ਉੱਤੇ ਇੱਕ ਪਾਬੰਦੀ ਵੀ ਲਾਈ ਸੀ: ਹਾਲਾਂਕਿ ਉਨ੍ਹਾਂ ਦਾ ਮਾਸ ਭੋਜਨ ਦੇ ਰੂਪ ਵਿਚ ਖਾਧਾ ਜਾ ਸਕਦਾ ਸੀ, ਪਰ ਮਾਸ ਦੇ ਨਾਲ ਉਨ੍ਹਾਂ ਦਾ ਲਹੂ ਨਹੀਂ ਖਾਧਾ ਜਾਣਾ ਚਾਹੀਦਾ ਸੀ (9:4)। ਇੱਥੇ, ਪਰਮੇਸ਼ੁਰ ਨੇ ਨੂਹ ਨੂੰ ਸੰਖੇਪ ਵਿਚ ਕਿਹਾ ਜੋ ਉਸ ਨੇ ਬਾਅਦ ਵਿਚ ਮੂਸਾ ਨੂੰ ਬਹੁਤ ਵਿਸਥਾਰ ਵਿਚ ਸਮਝਾਇਆ: ਲਹੂ ਦੇ ਵਿਚ ਜੀਵਨ ਹੈ, ਅਤੇ ਜੀਵਨ ਸ਼ਕਤੀ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿਉਂਕਿ ਇਹ ਪਰਮੇਸ਼ੁਰ ਵੱਲੋਂ ਆਉਂਦਾ ਹੈ (ਲੇਵੀਆਂ 3:17; 7:26, 27; 17:10-14; ਬਿਵਸਥਾ ਸਾਰ 12:16, 23-25; 15:23)।

ਮਨੁੱਖ ਨੂੰ ਹਮੇਸ਼ਾ ਮੰਗਾਂ ਅਤੇ ਲੋੜਾਂ ਦੇ ਵਿਚ ਫਰਕ ਕਰਨ ਵਿਚ ਇੱਕ ਮੁਸ਼ਕਲ ਰਹੀ ਹੈ। ਜਦੋਂ ਅਸੀਂ ਕੋਈ ਆਕਰਸ਼ਕ ਚੀਜ਼ ਵੇਖਦੇ ਹਾਂ, ਤਾਂ ਅਸੀਂ ਇਸ ਦੀ ਇੱਛਾ ਕਰਦੇ ਹਾਂ; ਅਤੇ ਜੇਕਰ ਇੱਛਾ ਨੂੰ ਬਿਨਾਂ ਜਾਂਚੇ ਛੱਡ ਦਿੱਤਾ ਜਾਵੇ, ਤਾਂ ਅਸੀਂ ਇਹ ਸੋਚਣਾ ਸ਼ੁਰੂ ਕਰ ਦਿੰਦੇ ਹਾਂ ਕਿ ਅਸੀਂ ਉਸ ਇੱਛਾ ਕੀਤੀ ਹੋਈ ਵਸਤੂ ਤੋਂ ਬਿਨਾਂ ਰਹਿ ਨਹੀਂ ਸਕਦੇ ਹਾਂ ਅਤੇ ਇਸ ਨੂੰ "ਲੋੜ" ਦੇ ਰੂਪ ਵਿਚ ਤਰਕਸੰਗਤ ਬਣਾਉਣਾ ਸ਼ੁਰੂ ਕਰ ਸਕਦੇ ਹਾਂ। ਇਹ ਸ਼ੁਰੂ ਤੋਂ ਹੀ ਮਨੁੱਖ ਜਾਤੀ ਦੀ ਕਮਜ਼ੋਰੀ ਰਹੀ ਹੈ, ਜਦੋਂ ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਨੂੰ ਅਦਨ ਦੇ ਬਾਗ ਵਿਚ ਰੱਖਿਆ ਸੀ। ਉਸ ਨੇ ਉਨ੍ਹਾਂ ਦੀ ਲੋੜ ਦੀ ਹਰ ਚੀਜ਼ ਉਨ੍ਹਾਂ ਨੂੰ ਮੁਹੱਈਆ ਕਰਵਾਈ ਸੀ। ਉਨ੍ਹਾਂ ਦੇ ਕੋਲ ਖਾਣ ਦੇ ਲਈ ਹਰ ਕਿਸਮ ਦੇ ਫਲ ਅਤੇ ਪੌਦੇ ਸਨ। ਉਨ੍ਹਾਂ ਦੇ ਰਾਹੀਂ ਪਾਪ ਕੀਤੇ ਜਾਣ ਤੋਂ ਬਾਅਦ ਵੀ, ਉਸ ਨੇ ਉਨ੍ਹਾਂ ਨੂੰ ਜਾਨਵਰਾਂ ਦੀ ਚਮੜੀ ਦੇ ਨਾਲ ਢੱਕਿਆ (1:29; 2:9, 16; 3:21)। ਭੋਜਨ ਅਤੇ ਕੱਪੜਾ ਮਨੁੱਖ ਦੀਆਂ ਦੋ ਬੁਨਿਆਦੀ ਲੋੜਾਂ ਹਨ, ਜਿਵੇਂ ਯਿਸੂ ਨੇ ਪਹਾੜੀ ਉਪਦੇਸ਼ ਵਿਚ ਕਿਹਾ

ਸੀ ਜਦੋਂ ਉਸ ਨੇ ਉਨ੍ਹਾਂ ਲੋਕਾਂ ਨੂੰ ਸੰਬੋਧਤ ਕੀਤਾ ਸੀ ਜੋ ਚਿੰਤਾ ਕਰਦੇ ਸਨ ਕਿ ਉਹ ਕੀ ਖਾਣਗੇ, ਪੀਣਗੇ, ਜਾਂ ਪਹਿਣਗੇ। ਉਸ ਨੇ ਇਸ ਗੱਲ ਤੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਤੁਹਾਡਾ ਸਵਰਗੀ ਪਿਤਾ ਫੁੱਲਾਂ ਨੂੰ ਸੁੰਦਰਤਾ ਦੇ ਕੱਪੜੇ ਪਹਿਨਾਉਂਦਾ ਅਤੇ ਪੰਛੀਆਂ ਨੂੰ ਭੋਜਨ ਮੁਹੱਈਆ ਕਰਦਾ ਹੈ, ਤਾਂ ਉਹ ਜ਼ਰੂਰ ਆਪਣੇ ਪਿਆਰੇ ਬੱਚਿਆਂ ਦੇ ਲਈ ਭੋਜਨ ਅਤੇ ਕੱਪੜੇ ਪ੍ਰਦਾਨ ਕਰੇਗਾ। ਪਰਮੇਸ਼ੁਰ ਜਾਣਦਾ ਹੈ ਕਿ ਸਾਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਹੈ (ਮੱਤੀ 6:25-32)।

ਪੌਲੁਸ ਰਸੂਲ ਨੇ ਇਸ ਵਿਸ਼ੇ ਤੇ ਸਹਿਮਤੀ ਪਰਗਟ ਕੀਤੀ। ਉਸ ਨੇ ਇਹ ਕਹਿੰਦਿਆਂ ਹੋਇਆਂ, "ਪਰ ਜਦੋਂ ਸਾਨੂੰ ਭੋਜਨ ਬਸਤਰ ਮਿਲਿਆ ਹੋਇਆ ਹੈ ਤਾਂ ਸਾਡੇ ਲਈ ਇਹੋ ਬਥੇਰਾ ਹੈ" (1 ਤਿਮੋਥਿਉਸ 6:8), ਤਾਂ ਉਸ ਨੇ ਮਨੁੱਖ ਦੀਆਂ ਬੁਨਿਆਦੀ ਲੋੜਾਂ ਦੀ ਸੰਖਿਆ ਘਟਾ ਕੇ ਦੋ ਕਰ ਦਿੱਤੀ। ਇਸ ਦਾ ਅਰਥ ਇਹ ਨਹੀਂ ਹੈ ਕਿ ਸਿਰਫ ਲੋੜਾਂ ਤੋਂ ਵੱਧ ਕੇ ਹੋਣਾ ਗਲਤ ਹੈ, ਪਰ ਇਹ ਮਾਇਆ ਨੂੰ ਪ੍ਰੇਮ ਕਰਨ ਦੇ ਅਤੇ ਲੋੜ ਦੇ ਲਈ ਲਾਲਚ ਕਰਨ ਦੇ ਵਿਰੁੱਧ ਇੱਕ ਚੇਤਾਵਨੀ ਹੈ। ਉਹ ਲੋਕ ਜੋ ਇਸ ਜਾਲ ਵਿਚ ਫਸ ਜਾਂਦੇ ਹਨ ਉਹ ਵੱਧ ਤੋਂ ਵੱਧ ਧਨ ਇਕੱਠਾ ਕਰਨ ਵਿਚ ਆਪਣੇ ਜੀਵਨ ਨੂੰ ਸਮਰਪਿਤ ਕਰ ਦਿੰਦੇ ਹਨ ਤਾਂ ਕਿ ਉਹ ਵੱਧ ਤੋਂ ਵੱਧ ਸਮੱਗਰੀ ਖਰੀਦ ਸਕਣ ਕਿਉਂਕਿ ਉਹ ਆਪਣੀਆਂ ਲਾਲਚ ਭਰੀਆਂ ਇੱਛਾਵਾਂ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹਨ। ਪੌਲੁਸ ਨੇ, ਇਸ ਦੇ ਵਿਰੁੱਧ ਚੇਤਾਵਨੀ ਵਿਚ ਕਿਹਾ ਹੈ, "ਜੋ ਮਨੁੱਖਾਂ ਨੂੰ ਤਬਾਹੀ ਅਤੇ ਨਾਸ ਦੇ ਸਮੁੰਦਰ ਵਿੱਚ ਡੋਬ ਦਿੰਦੇ ਹਨ, ਕਿਉਂਜੋ ਮਾਇਆ ਦਾ ਲੋਭ ਹਰ ਪਰਕਾਰ ਦੀਆਂ ਬੁਰਿਆਈਆਂ ਦੀ ਜੜ੍ਹ ਹੈ ਅਤੇ ਕਈ ਲੋਕ ਉਹ ਨੂੰ ਲੋਚਦਿਆਂ ਨਿਹਚਾ ਦੇ ਰਾਹੋਂ ਘੁੱਥ ਗਏ ਅਤੇ ਆਪਣੇ ਆਪ ਨੂੰ ਅਨੇਕ ਗਮਾਂ ਦਿਆਂ ਤੀਰਾਂ ਨਾਲ ਵਿੰਨ੍ਹਿਆ ਹੈ" (1 ਤਿਮੋਥਿਉਸ 6:9, 10)।

*ਦਾਨ3: ਮਨੁੱਖੀ ਪਰਿਵਾਰ ਦੀ ਸੁਰੱਖਿਆ* (9:5, 6)। ਭੋਜਨ ਲਈ ਜਾਨਵਰਾਂ ਨੂੰ ਮਾਰਨ ਦੀ ਪਰਵਾਨਗੀ ਦੇਣ ਤੋਂ ਬਾਅਦ ਪਰ ਖ਼ੂਨ ਨੂੰ ਖਾਣ ਤੋਂ ਰੋਕਣ ਤੋਂ ਬਾਅਦ, ਪਰਮੇਸ਼ੁਰ ਇੱਕ ਹੋਰ ਵੀ ਮਹੱਤਵਪੂਰਣ ਬਿੰਦੂ ਵੱਲ ਨੂੰ ਮੁੜਿਆ: ਮਨੁੱਖੀ ਖ਼ੂਨ ਦਾ ਵਹਾਇਆ ਜਾਣਾ। ਪ੍ਰਭੂ ਨੇ ਭਿਆਨਕ ਅਤੇ/ਜਾਂ ਲੜਾਕੂ ਜਾਨਵਰਾਂ ਦੇ ਵਿਰੁੱਧ ਇੱਕ ਪੱਧਰ ਦੀ ਸੁਰੱਖਿਆ ਦੀ ਪੇਸ਼ਕਸ਼ ਕੀਤੀ ਜਿਨ੍ਹਾਂ ਨੂੰ ਮਨੁੱਖਾਂ ਦੇ ਦੁਆਰਾ ਡਰਾਇਆ ਜਾ ਸਕਦਾ ਹੈ ਜਾਂ ਉਸ ਨੂੰ ਮਨੁੱਖ ਦੇ ਦੁਆਰਾ ਭੋਜਨ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਉਸ ਨੇ ਇਸ ਗੱਲ ਦੇ ਉੱਤੇ ਜ਼ੋਰ ਦਿੱਤਾ ਹੈ ਕਿ ਜਾਨਵਰ ਅਤੇ ਮਨੁੱਖ ਦੋਵਾਂ ਨੂੰ ਮਨੁੱਖੀ ਖ਼ੂਨ ਵਹਾਉਣ ਦੇ ਲਈ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। ਉਲੰਘਣ ਕਰਨ ਵਾਲੇ ਆਪਣੇ ਜੀਵਨ ਨੂੰ ਗੁਆ ਲੈਣਗੇ (ਸ਼ਾਬਦਿਕ ਤੌਰ ਤੇ, "ਤੁਹਾਡੀਆਂ ਜਾਨਾਂ ਦੇ ਲਹੂ ਦਾ ਬਦਲਾ"; 9:5)।

ਉਹ ਜਾਨਵਰ ਜੋ ਸਰੀਰਕ ਤੌਰ ਤੇ ਮਨੁੱਖ ਨਾਲੋਂ ਤਕੜੇ ਹਨ ਉਹ ਮਨੁੱਖ ਦੇ ਜੀਵਨ ਦੇ ਲਈ ਇੱਕ ਵੱਡਾ ਖਤਰਾ ਪੈਦਾ ਕਰ ਸਕਦੇ ਹਨ, ਪਰ ਉਨ੍ਹਾਂ ਨੂੰ ਅੰਨ੍ਹੇਵਾਹ ਮਾਰਿਆ ਜਾਣਾ ਨਹੀਂ ਚਾਹੀਦਾ ਹੈ। ਪਰਮੇਸ਼ੁਰ ਨੇ ਕਿਹਾ ਜੋ ਜਾਨਵਰ ਮਨੁੱਖ ਜਾਤੀ ਦੇ ਉੱਤੇ ਹਮਲਾ ਕਰਦਾ ਹੈ ਉਸ ਨੂੰ ਮਾਰ ਦੇਣਾ ਚਾਹੀਦਾ ਹੈ ਤਾਂਕਿ ਲੋਕਾਂ ਨੂੰ ਸੁਰੱਖਿਆ ਦਿੱਤੀ ਜਾ ਸਕੇ। ਸਾਰੇ ਜੀਵਨ ਪਵਿੱਤਰ ਹਨ; ਪਰ ਪ੍ਰਭੂ ਦੇ ਲਈ ਮਨੁੱਖੀ ਜੀਵਨ ਵਿਸ਼ੇਸ਼ ਤੌਰ ਤੇ ਪਵਿੱਤਰ ਹੈ, ਅਤੇ ਇਸ ਦੇ ਅਧਿਕਾਰਾਂ ਨੂੰ ਸਹੀ ਸਾਬਤ ਕਰਨ ਦੀ ਲੋੜ – ਨਾ ਸਿਰਫ ਤਰਕਸ਼ੀਲ ਆਦਮੀ ਦੇ ਵਿਰੁੱਧ, ਸਗੋਂ ਉਨ੍ਹਾਂ ਜਾਨਵਰਾਂ ਦੇ ਖਿਲਾਫ ਵੀ ਸੀ ਜੋ ਭਿਆਨਕ ਤਰੀਕੇ ਦੇ ਨਾਲ ਮਨੁੱਖਾਂ ਦੇ ਉੱਤੇ ਹਮਲਾ ਕਰਦੇ ਹਨ।

ਜਲ ਪਰਲੋ ਤੋਂ ਬਾਅਦ ਮਨੁੱਖ ਜਾਤੀ ਨੂੰ ਬਚਾਉਣ ਦੇ ਲਈ, ਸਭ ਤੋਂ ਪਹਿਲਾਂ, ਪ੍ਰਭੂ ਨੇ ਜਾਨਵਰਾਂ ਵਿਚ ਮਨੁੱਖਾਂ ਦਾ ਡਰ ਪਾਇਆ। ਫਿਰ ਉਸ ਨੂੰ ਮਨੁੱਖਾਂ ਦੇ ਵਿਚ ਪਰਮੇਸ਼ੁਰ ਦਾ ਡਰ ਪਾਉਣਾ ਪਿਆ ਤਾਂ ਕਿ ਉਹ ਇੱਕ ਦੂਜੇ ਨੂੰ ਨਾ ਮਾਰਨ ਜਿਵੇਂ ਉਹ ਜਲ ਪਰਲੋ ਤੋਂ ਪਹਿਲਾਂ ਕਰਦੇ

ਸਨ (6:11-13)। ਹੁਣ ਦੀ ਤਰ੍ਹਾਂ, ਖ਼ੂਨੀਆਂ ਨੂੰ, ਇਹ ਜਾਣਨ ਦੀ ਲੋੜ ਸੀ ਕਿ ਉਨ੍ਹਾਂ ਨੂੰ ਆਪਣੇ ਰਚਣਹਾਰੇ ਨੂੰ ਬਦਲਾ ਦੇਣਾ ਪਵੇਗਾ। ਉਸ ਦੇ ਦੁਆਰਾ ਇੱਕ ਸਾਥੀ ਮਨੁੱਖ ਤੇ ਹਮਲਾ ਕਰਨਾ, ਇੱਕ ਅਰਥ ਵਿਚ, ਉਸ ਦੇ ਦੁਆਰਾ ਆਪਣੇ ਆਪ ਤੇ ਹਮਲਾ ਕਰਨਾ ਹੁੰਦਾ ਹੈ। ਸਾਰੇ ਜੀਵਨਾਂ ਨੂੰ ਪਰਮੇਸ਼ੁਰ ਦੀ ਵੱਲੋਂ ਇੱਕ ਵਰਦਾਨ ਦੇ ਰੂਪ ਵਿਚ ਵੇਖਣਾ ਚਾਹੀਦਾ ਹੈ। ਕਿਸੇ ਮਨੁੱਖ ਨੂੰ ਮਾਰਨਾ ਪਰਮੇਸ਼ੁਰ ਦਾ ਸਥਾਨ ਲੈਣ ਦੇ ਸਮਾਨ ਹੈ ਜਿਸ ਨੇ ਮਨੁੱਖ ਨੂੰ ਆਪਣੇ ਸਰੂਪ ਤੇ ਬਣਾਇਆ ਹੈ (9:6)। ਕਿਉਂਕਿ ਪ੍ਰਭੂ ਹੀ ਹੈ ਜੋ ਜੀਵਨ ਦੇ ਸਕਦਾ ਹੈ, ਇਸ ਲਈ ਉਸੇ ਇਕੱਲੇ ਦੇ ਕੋਲ ਹੀ ਇਹ ਅਧਿਕਾਰ ਹੈ ਕਿ ਇਸ ਨੂੰ ਲੈ ਲਵੇ (ਅੱਯੂਬ 1:21)।

ਜਿੱਥੋਂ ਤੱਕ ਅਸੀਂ ਜਾਣਦੇ ਹਾਂ, ਜਲ ਪਰਲੋ ਤੋਂ ਪਹਿਲਾਂ, ਪਰਮੇਸ਼ੁਰ ਨੇ ਹੱਤਿਆਰੇ ਨੂੰ ਮੌਤ ਦੀ ਸਜ਼ਾ ਦਾ ਅਧਿਕਾਰ ਨਹੀਂ ਦਿੱਤਾ ਸੀ; ਪਰ ਇੰਝ ਜਾਪਦਾ ਹੈ ਕਿ ਸ਼ੁਰੂਆਤ ਤੋਂ ਹੀ ਇਸ ਤਰ੍ਹਾਂ ਕੀਤਾ ਜਾਂਦਾ ਹੈ, ਸ਼ਾਇਦ ਪੀੜਿਤ ਦੇ ਇੱਕ ਰਿਸ਼ਤੇਦਾਰ ਦੇ ਦੁਆਰਾ ਇਹ ਕੀਤਾ ਜਾਂਦਾ ਸੀ। ਕਇਨ ਨੂੰ ਕਿਸੇ ਵਿਅਕਤੀ ਦੇ ਹੱਥੋਂ ਆਪਣੀ ਮੌਤ ਦਾ ਡਰ ਸੀ ਜੋ ਉਸ ਦੇ ਕੋਲੋਂ ਉਸ ਦੇ ਭਰਾ ਦੀ ਮੌਤ ਦਾ ਬਦਲਾ ਲੈ ਸਕਦਾ ਸੀ (4:14)। ਸੰਭਵ ਤੌਰ ਤੇ, ਜਲ ਪਰਲੋ ਤੋਂ ਪਹਿਲਾਂ ਦੇ ਸੰਸਾਰ ਵਿਚ ਨਿਆਂ ਦੀ ਕੋਈ ਨਿਯਮਿਤ ਜਾਂ ਸੰਗਤ ਪ੍ਰਣਾਲੀ ਹੋਂਦ ਵਿਚ ਨਹੀਂ ਸੀ। ਘੱਟੋ ਘੱਟ, ਲਾਮਕ ਨੇ, ਇਸ ਗੱਲ ਨੂੰ ਲੁਕਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਸ ਨੇ ਇੱਕ ਜਵਾਨ ਆਦਮੀ ਦੀ ਹੱਤਿਆ ਕੀਤਾ ਸੀ। ਅਸਲ ਵਿਚ, ਉਸ ਨੇ ਆਪਣੀਆਂ ਪਤਨੀਆਂ ਦੇ ਨਾਲ ਹੱਤਿਆ ਦੇ ਵਿਸ਼ੇ ਵਿਚ ਸ਼ੇਖੀ ਮਾਰੀ ਸੀ (4:23, 24)। ਇੰਝ ਜਾਪਦਾ ਹੈ ਕਿ ਉਸ ਨੂੰ ਮਨੁੱਖਾਂ ਦੇ ਹੱਥੋਂ ਕਿਸੇ ਵੀ ਕਿਸਮ ਦੇ ਨਿਆਂ ਜਾਂ ਸਜ਼ਾ ਦਾ ਕੋਈ ਡਰ ਨਹੀਂ ਸੀ।

ਸਮਾਂ ਬੀਤਣ ਦੇ ਨਾਲ, ਜਦੋਂ ਹੜ੍ਹ ਤੋਂ ਪਹਿਲਾਂ ਕਤਲ ਅਤੇ ਹਿੰਸਾ ਫੈਲ ਗਈ ਸੀ, ਤਾਂ ਉੱਥੇ ਕੋਈ ਵਿਅਕਤੀਗਤ ਜਾਂ ਸਰਕਾਰੀ ਏਜੰਸੀ ਨਹੀਂ ਸੀ ਜੋ ਅਪਰਾਧੀਆਂ ਨੂੰ ਉਨ੍ਹਾਂ ਦੇ ਅਪਰਾਧਾਂ ਦੇ ਲਈ ਜ਼ਿੰਮੇਵਾਰ ਠਹਿਰਾ ਸਕਦੀ ਹੋਵੇ। ਸਜ਼ਾ ਦਾ ਸਾਹਮਣਾ ਕਰਨ ਦੀ ਬਜਾਇ, ਉਹ ਆਪਣੇ ਆਪ ਦੇ ਲਈ ਨਾਮ ਕਮਾਉਂਦੇ[26] ਅਤੇ ਸਮਾਜ ਦੇ ਹੀਰੋ ਬਣ ਜਾਂਦੇ ਸਨ (6:4)। ਇੱਕ ਵਾਰ ਅਤੇ ਹਰ ਸਮੇਂ ਦੇ ਲਈ, ਆਪਣੇ ਪਰਮ ਅਧਿਕਾਰ ਦਾ ਪ੍ਰਦਰਸ਼ਣ ਕਰਨ ਦੇ ਲਈ, ਪਰਮੇਸ਼ੁਰ ਨੇ ਨੂਹ ਅਤੇ ਉਸ ਦੇ ਪਰਿਵਾਰ ਨੂੰ ਛੱਡ ਕੇ, ਜਲ ਪਰਲੋ ਦੇ ਨਾਲ ਸਾਰੇ ਪੁਰਾਣੇ ਸੰਸਾਰ ਨੂੰ ਵਿਸ਼ਵ-ਵਿਆਪੀ ਸਜ਼ਾ ਦਿੱਤੀ।

ਜਲ ਪਰਲੋ ਤੋਂ ਪਿੱਛੋਂ, ਮਨੁੱਖ ਦੇ ਜੀਵਨ ਦੀ ਰੱਖਿਆ ਕਰਨ ਦੇ ਲਈ, ਪਰਮੇਸ਼ੁਰ ਨੇ ਨੂਹ ਨੂੰ ਕਤਲਾਂ ਦੇ ਨਾਲ ਵਿਹਾਰ ਕਰਨ ਲਈ ਹਿਦਾਇਤਾਂ ਦਿੱਤੀਆਂ: "ਜੋ ਆਦਮੀ ਦਾ ਲਹੂ ਵਹਾਵੇਗਾ ਉਸ ਦਾ ਲਹੂ ਆਦਮੀ ਤੋਂ ਵਹਾਇਆ ਜਾਵੇਗਾ ਕਿਉਂਕਿ ਪਰਮੇਸ਼ੁਰ ਦੇ ਸਰੂਪ ਉੱਤੇ ਉਸ ਨੇ ਆਦਮੀ ਨੂੰ ਬਣਾਇਆ ਸੀ" (9:6)। ਕਿਉਂਕਿ ਜਾਣ ਬੁੱਝ ਕੇ ਅਤੇ ਕਠੋਰਦਿਲੀ ਦੇ ਨਾਲ ਉਸ ਦੀ ਹੱਤਿਆ ਕਰਨ ਦੇ ਦੁਆਰਾ ਜਿਸ ਨੂੰ ਪਰਮੇਸ਼ੁਰ ਨੇ ਆਪਣੇ ਸਰੂਪ ਤੇ ਰਚਿਆ ਸੀ, ਹੱਤਿਆ ਕਰਨ ਵਾਲੇ ਦੀ ਸਜ਼ਾ ਸੀ ਕਿ ਉਹ ਆਪਣੀ ਜਾਨ ਦਾ ਮੁੱਲ ਦੇਵੇ। ਬਾਅਦ ਵਿਚ ਸਥਾਪਤ ਹੋਣ ਵਾਲੀ ਏਜੰਸੀ ਵਿਚ – ਕਿਸੇ ਨੂੰ – ਇਹ ਅਧਿਕਾਰ ਦਿੱਤਾ ਗਿਆ ਕਿ ਉਹ ਖ਼ੂਨੀ ਨੂੰ ਸਜ਼ਾ ਦੇਵੇ। ਇਹ ਸਭ ਤੋਂ ਪੁਰਾਣੀ ਨਾਗਰਿਕ ਸਰਕਾਰ ਦੀ ਕਿਸਮ ਸੀ। ਇਸ ਤਰੀਕੇ ਦੇ ਨਾਲ, ਪਰਮੇਸ਼ੁਰ ਨੇ ਇੱਕ ਖ਼ੂਨੀ ਨੂੰ ਸਜ਼ਾ ਦੇਣ ਦੇ ਲਈ ਆਪਣੀ ਪਰਮ ਸਮਰੱਥ ਨੂੰ ਮਨੁੱਖਾਂ ਦੇ ਨਾਲ ਸਾਂਝਾ ਕੀਤਾ। ਮਨੁੱਖੀ ਸਜ਼ਾ ਅਤੇ ਮੌਤ ਦੀ ਸਜ਼ਾ ਇਕੱਠੀ ਮਿਲ ਜਾਂਦੀ ਹੈ, ਜਿਵੇਂ ਪੌਲੁਸ ਨੇ ਰੋਮੀਆਂ 13:1-7 ਵਿਚ ਇਸ ਗੱਲ ਦੀ ਪੁਸ਼ਟੀ ਕੀਤੀ ਸੀ। ਸਰਕਾਰੀ ਅਧਿਕਾਰੀਆਂ ਨੂੰ ਪਰਮੇਸ਼ੁਰ ਨੇ ਬੁਰੇ ਲੋਕਾਂ ਨੂੰ ਸਜ਼ਾ ਦੇਣ ਦੇ ਲਈ ਠਹਿਰਾਇਆ ਹੈ, ਅਤੇ ਉਹ "ਉਹ ਐਵੇਂ ਤਲਵਾਰ ਲਾਏ ਹੋਏ ਨਹੀਂ।"[27] ਬੇਸ਼ੱਕ, ਮਨੁੱਖੀ ਸਰਕਾਰ, ਵਿਚ ਆਪਣੀਆਂ ਕਮਜ਼ੋਰੀਆਂ ਹੁੰਦੀਆਂ ਹਨ। ਕਦੀ ਕਦੀ ਸ਼ਾਸਕ

ਆਪਣੇ ਅਧਿਕਾਰ ਦੀ ਦੁਰਵਰਤੋਂ ਕਰਦੇ ਹਨ, ਅਤੇ ਨਿਰਦੋਸ਼ ਲੋਕਾਂ ਨੂੰ ਉਨ੍ਹਾਂ ਪਾਪਾਂ ਦੇ ਲਈ ਦੋਸ਼ੀ ਠਹਿਰਾ ਦਿੱਤਾ ਜਾਂਦਾ ਹੈ ਜੋ ਉਨ੍ਹਾਂ ਨੇ ਨਹੀਂ ਕੀਤੇ ਸਨ। ਇੱਥੋਂ ਤੱਕ ਕਿ ਇੱਕ ਦੋਸ਼ਪੂਰਣ ਸਰਕਾਰ ਅਰਾਜਕਤਾ (ਕੋਈ ਸਰਕਾਰ) ਤੋਂ ਬੇਹਤਰ ਹੈ, ਜਿਸ ਵਿਚ ਲੋਕ ਉਹੀ ਕਰਦੇ ਹਨ ਜੋ ਉਨ੍ਹਾਂ ਦੀਆਂ ਆਪਣੀਆਂ ਨਜ਼ਰਾਂ ਵਿਚ ਸਹੀ ਹੁੰਦਾ ਹੈ (ਨਿਆਈਆਂ 17:6; 18:1; 19:1; 21:25)।

*ਦਾਨ 4: ਧਰਤੀ ਦੇ ਉੱਤੇ ਜੀਵਨ ਬਚਾਉਣ ਦੇ ਲਈ ਨੇਮ* (9:15-17)। ਜਲ ਪਰਲੋ ਤੋਂ ਬਾਅਦ ਪਰਮੇਸ਼ੁਰ ਨੇ ਮਨੁੱਖ ਦੇ ਨਾਲ ਜੋ ਨੇਮ ਬੰਨ੍ਹਿਆ ਉਸ ਨੂੰ "ਨੂਆਚਿਕ ਨੇਮ" ਕਿਹਾ ਜਾਂਦਾ ਹੈ, ਪਰ ਇਹ ਨੇਮ ਸਿਰਫ ਨੂਹ ਅਤੇ ਉਸ ਦੇ ਪਰਿਵਾਰ ਦੇ ਨਾਲ ਹੀ ਨਹੀਂ ਬੰਨ੍ਹਿਆ ਗਿਆ ਸੀ। ਇਹ ਉਸ ਦੀਆਂ ਸਾਰੀਆਂ "ਅੰਸਾਂ" (9:9) ਦੇ ਨਾਲ ਅਤੇ "ਪੀੜ੍ਹੀਓਂ ਪੀੜ੍ਹੀ" ਭਵਿੱਖ ਵਿਚ ਆਉਣ ਵਾਲੀਆਂ ਸੰਤਾਨਾਂ ਦੇ ਨਾਲ ਬੰਨ੍ਹਿਆ ਗਿਆ ਸੀ (9:12)। ਨੇਮ ਇੱਥੇ ਹੀ ਖਤਮ ਨਹੀਂ ਹੋਇਆ; ਇਸ ਵਿਚ "ਸਾਰੇ ਜੀਉਂਦੇ ਪ੍ਰਾਣੀਆਂ" ਨੂੰ ਵੀ ਸ਼ਾਮਲ ਕੀਤਾ ਗਿਆ ਸੀ (9:10, 12, 15)। ਮਨੁੱਖ, ਪੰਛੀ, ਪਸ਼ੂ ਅਤੇ ਸਾਰੇ ਘਿਸਰਣ ਵਾਲੇ ਜੀਵ-ਜੰਤੂ ਪਰਮੇਸ਼ੁਰ ਦੇ ਵਾਇਦੇ ਦੇ ਲਾਭਪਾਤਰੀ ਸਨ। ਜਲ ਪਰਲੋ ਤੋਂ ਬਚਣ ਵਾਲਿਆਂ ਦੇ ਲਈ, ਪਰਮੇਸ਼ੁਰ ਨੇ ਇੱਕ ਬੇਸ਼ਰਤ ਵਾਇਦਾ ਕੀਤਾ ਹੈ ਜੋ ਜਗਤ ਦੇ ਅਖੀਰ ਤੱਕ ਕਾਇਮ ਰਹੇਗਾ: ਕਿ ਉਹ ਦੁਬਾਰਾ ਕਦੀ ਵੀ ਜਲ ਪਰਲੋ ਨੂੰ ਨਹੀਂ ਭੇਜੇਗਾ ਜੋ ਧਰਤੀ ਉੱਤੇ ਰਹਿਣ ਵਾਲੇ ਸਭ ਜੀਵਾਂ ਨੂੰ ਨਾਸ ਕਰੇ। ਇਹ ਇਸ ਲਈ ਸੀ ਕਿ ਜਦੋਂ ਵੀ ਅਕਾਸ਼ ਵਿਚ ਬੱਦਲ ਨਜ਼ਰ ਆਉਣ ਤਾਂ ਮਨੁੱਖ ਜਾਤੀ ਨੂੰ ਇੱਕ ਨਿਰਾਸ਼ਾਜਨਕ ਸਥਿਤੀ ਬਚਾਇਆ ਜਾ ਸਕੇ।

ਆਮ ਤੌਰ ਤੇ, ਪੁਰਾਤਨ ਸੰਸਾਰ ਵਿਚ ਜਦੋਂ ਵੀ ਨੇਮ ਬੰਨ੍ਹੇ ਜਾਂਦੇ ਸਨ ਤਾਂ ਦੋਵਾਂ ਧਿਰਾਂ ਉੱਤੇ ਸਮਝੌਤੇ ਦੀਆਂ ਸ਼ਰਤਾਂ ਲਾਗੂ ਕੀਤੀਆਂ ਜਾਂਦੀਆਂ ਸਨ। ਪਰ, ਪਰਮੇਸ਼ੁਰ ਨੇ ਇਸ ਨੇਮ ਨੂੰ ਸਿਰਫ ਆਪਣੇ ਆਪ ਉੱਤੇ ਹੀ ਲਾਗੂ ਕੀਤਾ ਸੀ, ਇਸ ਦੀ ਸਥਾਈਤਾ ਦੇ ਲਈ ਮਨੁੱਖਤਾ ਦੇ ਉੱਤੇ ਕਿਸੇ ਸ਼ਰਤ ਨੂੰ ਨਹੀਂ ਲਾਇਆ ਗਿਆ ਸੀ। ਇੱਕ ਗਰੰਟੀ ਦੇ ਰੂਪ ਵਿਚ ਕਿ ਉਹ ਮਨੁੱਖ ਜਾਤੀ ਦੇ ਨਾਲ ਇਹ "ਸਦੀਪਕ ਨੇਮ" ਨੂੰ ਕਾਇਮ ਰੱਖੇਗਾ (9:16), ਪਰਮੇਸ਼ੁਰ ਨੇ ਧਣੁਕ ਨੂੰ ਇੱਕ "ਨਿਸ਼ਾਨ" ਠਹਿਰਾਇਆ ਤਾਂਕਿ ਮਨੁੱਖ ਜਾਤੀ ਉਸ ਨੂੰ ਵੇਖ ਸਕੇ। ਇਹ ਉਸ ਦੇ ਵਾਇਦੇ ਦੀ ਵਫ਼ਾਦਾਰੀ ਦੀ ਗਵਾਹੀ ਹੋਵੇਗਾ (9:12-17)। ਅਕਾਸ਼ ਵਿਚ ਪ੍ਰਭੂ ਦਾ ਧਣੁਕ ਪਾਪੀ ਸੰਸਾਰ ਦੇ ਉੱਤੇ ਉਸ ਦੇ ਨਿਆਂ ਤੋਂ ਬਾਅਦ ਉਸ ਦੀ ਕਿਰਪਾ ਦਾ ਪ੍ਰਤੀਕ ਬਣ ਗਿਆ; ਇਹ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਸ ਦੇਵੇਗਾ ਕਿ ਪ੍ਰਭੂ ਦੁਬਾਰਾ ਕਦੀ ਵੀ ਜਲ ਪਰਲੋ ਦੇ ਦੁਆਰਾ ਧਰਤੀ ਉੱਤਲੇ ਸਾਰੇ ਜੀਵਨਾਂ ਦਾ ਨਾਸ ਨਹੀਂ ਕਰੇਗਾ।

ਇਸ ਤੱਥ ਦੇ ਬਾਵਜੂਦ ਕਿ ਸਾਰੇ ਲੋਕਾਂ ਨੇ ਪਾਪ ਕੀਤਾ (ਰੋਮੀਆਂ 3:23), ਪਰਮੇਸ਼ੁਰ ਹੁਣ ਵੀ ਆਪਣੀ ਰਚਨਾ ਨੂੰ ਅਸੀਸ ਅਤੇ ਸਾਨੂੰ ਚੰਗੇ ਵਰਦਾਨ ਦੇਣ ਦੀ ਇੱਛਾ ਰੱਖਦਾਹੈ (ਵੇਖੋ ਮੱਤੀ 5:45; 7:11)। ਜੋ ਸਾਨੂੰ ਪਿਆਰ ਕਰਦਾ, ਸਾਡੀ ਪਰਵਾਹ ਕਰਦਾ, ਸਾਨੂੰ ਬਚਾਉਂਦਾ, ਅਤੇ ਸਾਡੇ ਲਈ ਮੁਹੱਈਆ ਕਰਦਾ ਹੈ, ਉਸ ਦੇ ਲਈ ਸਾਡੇ ਵੱਲੋਂ ਇੱਕਮਾਤਰ ਯੋਗ ਪ੍ਰਤਿਕਿਰਿਆ ਹੈ ਕਿ ਅਸੀਂ ਉਸ ਨੂੰ ਪ੍ਰੇਮ ਕਰੀਏ ਅਤੇ ਉਸ ਦੀ ਆਗਿਆਕਾਰੀ ਕਰੀਏ।

### ਧਣੁਕ ਦੇ ਦੁਆਰਾ ਯਕੀਨ ਦਿਵਾਉਣਾ (9:12-17)

ਜਦੋਂ ਪਰਮੇਸ਼ੁਰ ਦੇ ਲੋਕ ਬਹੁਤ ਮੁਸੀਬਤ ਵਿਚ ਸਨ ਅਤੇ ਕਈ ਆਪਣੇ ਵਿਸ਼ਵਾਸ ਨੂੰ ਗੁਆ ਦੇਣ ਦੇ ਕੰਢੇ ਤੇ ਸਨ, ਤਾਂ ਯਹੋਵਾਹ ਨੇ ਧਣੁਕ ਦੇ ਰੂਪ ਦਾ ਇਸਤੇਮਾਲ ਕਰਕੇ ਦੂਸਰੀ ਵਾਰ ਆਪਣੇ ਆਪ ਨੂੰ ਪਰਗਟ ਕੀਤਾ। ਉਹ ਚਾਹੁੰਦਾ ਸੀ ਕਿ ਉਸ ਦੇ ਦੁਖੀ ਲੋਕ ਇਹ ਜਾਣਨ ਕਿ ਉਹ

ਸਵਰਗ ਅਤੇ ਧਰਤੀ ਦਾ ਸਰਵਸ਼ਕਤੀਮਾਨ ਪਰਮੇਸ਼ੁਰ ਹੈ, ਅਤੇ ਹੁਣ ਤੱਕ ਵੀ ਆਪਣੇ ਸਿੰਘਾਸਣ ਉੱਤੇ ਵਿਰਾਜਮਾਨ ਅਤੇ ਇਤਹਾਸ ਨੂੰ ਨਿਯੰਤਰਣ ਵਿਚ ਰੱਖਣ ਵਾਲਾ ਹੈ।

*ਪਰਮੇਸ਼ੁਰ ਦੀ ਮਹਿਮਾ: ਹਿਜ਼ਕੀਏਲ ਨਬੀ ਦੀ ਕਿਤਾਬ ਵਿਚ ਧਣੁਖ।* ਧਣੁਖ ਦੇ ਇਸ ਪ੍ਰਤੀਕਾਤਮਕ ਪ੍ਰਯੋਗ ਦਾ ਪਹਿਲਾ ਇਸਤੇਮਾਲ ਬਾਬੁਲ ਦੀ ਗੁਲਾਮੀ ਦੇ ਦੂਜੇ ਪੜਾਅ ਦੇ ਦੌਰਾਨ, ਲਗਭਗ 598 ਈ.ਪੂ. ਵਿਚ ਹੋਇਆ ਸੀ, ਜਦੋਂ ਹਿਜ਼ਕੀਏਲ, ਰਾਜਾ ਯਹੋਯਾਕੀਨ ਅਤੇ ਉਸ ਦਾ ਪਰਿਵਾਰ, ਅਤੇ ਯਰੂਸ਼ਲਮ ਦੇ ਦਸ ਹਜ਼ਾਰ ਨਾਗਰਿਕ ਨੂੰ ਗੁਲਾਮਾਂ ਦੇ ਰੂਪ ਵਿਚ ਬਾਬੁਲ ਵਿਚ ਲਿਜਾਇਆ ਗਿਆ ਸੀ (2 ਰਾਜਿਆਂ 24:8-17)। ਪੰਜਾਂ ਸਾਲਾਂ ਬਾਅਦ (ਲਗਭਗ 593 ਈ.ਪੂ.), ਪਰਮੇਸ਼ੁਰ ਨੇ ਹਿਜ਼ਕੀਏਲ ਨੂੰ ਭਵਿੱਖਵਾਣੀ ਕਰਨ ਦੇ ਲਈ ਬੁਲਾਇਆ ਸੀ। ਹਿਜ਼ਕੀਏਲ ਨੇ ਉਨ੍ਹਾਂ ਗੁਲਾਮਾਂ ਨੂੰ ਜੋ ਉਸ ਦੇ ਨਾਲ ਕਬਾਰ ਨਦੀ ਦੇ ਉੱਤੇ ਸਨ ਚੇਤਾਵਨੀ ਦੇਣੀ ਸੀ ਕਿ ਜੇਕਰ ਯਹੂਦਾ ਦੇ ਲੋਕ ਆਪਣੀ ਮੂਰਤੀਪੂਜਾ ਅਤੇ ਬੁਰਾਈ ਤੋਂ ਨਹੀਂ ਮੁੜੇ ਤਾਂ ਯਰੂਸ਼ਲਮ ਦਾ ਸ਼ਹਿਰ ਅਤੇ ਹੈਕਲ ਨਾਸ ਹੋ ਜਾਣਗੇ। ਇਸ ਪਹਿਲੇ ਦਰਸ਼ਣ ਦੇ ਲੇਖ ਵਿਚ ਜਿਸ ਦਾ ਤਜਰਬਾ ਉਸ ਨੇ ਗੁਲਾਮਾਂ ਦੇ ਵਿਚਕਾਰ ਕੀਤਾ ਸੀ, ਨਬੀ ਨੇ ਕਿਹਾ,

> . . . ਤਾਂ ਅਕਾਸ਼ ਖੁਲ੍ਹ ਗਏ ਅਤੇ ਮੈਂ ਪਰਮੇਸ਼ੁਰ ਦੇ ਦਰਸ਼ਣ ਪਾਏ। ਅਤੇ ਜਦੋਂ ਮੈਂ ਡਿੱਠਾ ਤਾਂ ਵੇਖੋ, ਉੱਤਰ ਵੱਲੋਂ ਵੱਡੀ ਅਨ੍ਹੇਰੀ ਆਈ, ਇੱਕ ਵੱਡਾ ਬੱਦਲ ਅੱਗ ਨਾਲ ਵਲਿਆ ਹੋਇਆ ਸੀ ਅਤੇ ਉਹ ਦੇ ਦੁਆਲੇ ਚਮਕ ਸੀ, ਅਤੇ ਉਸ ਦੇ ਵਿਚਾਲਿਓਂ ਅਥਵਾ ਅੱਗ ਦੇ ਵਿੱਚੋਂ ਸਿਕਲ ਕੀਤੇ ਹੋਏ ਪਿੱਤਲ ਵਰਗੀ ਸ਼ਕਲ ਨੇ ਵਿਖਾਲੀ ਦਿੱਤੀ। ਅਤੇ ਉਸ ਵਿਚ ਚਾਰ ਜੰਤੂ ਸਨ ਅਤੇ ਉਨ੍ਹਾਂ ਦਾ ਰੂਪ ਇਹ ਸੀ ਕਿ ਓਹ ਆਦਮੀ ਵਰਗੇ ਸਨ . . . । ਮੈਂ ਉਨ੍ਹਾਂ ਜੰਤੂਆਂ ਨੂੰ ਡਿੱਠਾ ਤਾਂ ਵੇਖੋ, ਕਿ ਉਨ੍ਹਾਂ ਚੌਹਾਂ ਜੰਤੂਆਂ ਦੇ ਹਰ ਚਿਹਰੇ ਦੇ ਕੋਲ ਧਰਤੀ ਉੱਤੇ ਇੱਕ ਇੱਕ ਪਹੀਆ ਸੀ . . . । ਜੰਤੂਆਂ ਦੇ ਸਿਰ ਉੱਤੇ ਅੰਬਰ ਜਿਹਾ ਬਲੌਰ ਦੇ ਰੰਗ ਵਾਂਗਰ ਭਿਆਣਕ ਤੌਰ ਨਾਲ ਸੀ ਅਤੇ ਉਨ੍ਹਾਂ ਦੇ ਸਿਰਾਂ ਉੱਪਰ ਹੀ ਅੰਬਰ ਤਣਿਆ ਹੋਇਆ ਸੀ। ਅਤੇ ਉਸ ਅੰਬਰ ਦੇ ਹੇਠਾਂ ਉਨ੍ਹਾਂ ਦੇ ਖੰਭ ਇੱਕ ਦੂਜੇ ਦੀ ਸੇਧ ਵਿੱਚ ਸਨ, ਹਰੇਕ ਦਾ ਦੋਵਾਂ ਨਾਲ ਉਨ੍ਹਾਂ ਦਾ ਇੱਕ ਪਾਸਾ ਢਕਿਆ ਹੋਇਆ ਸੀ। ਅਤੇ ਜਦੋਂ ਉਹ ਤੁਰੇ ਤਾਂ ਮੈਂ ਉਨ੍ਹਾਂ ਦੇ ਖੰਭਾਂ ਦੀ ਅਵਾਜ਼ ਅਥਵਾ ਸਰਬਸ਼ਕਤੀਮਾਨ ਦੀ ਅਵਾਜ਼ ਵਾਂਙੁ ਅਤੇ ਉਹ ਰੌਲੇ ਦੀ ਅਵਾਜ਼ ਸੈਨਾਂ ਦੀ ਅਵਾਜ਼ ਵਰਗੀ ਸੀ। ਜਦੋਂ ਉਹ ਖਲੋਂਦੇ ਸਨ ਤਾਂ ਆਪਣੇ ਖੰਭਾਂ ਨੂੰ ਲੰਮਕਾ ਦਿੰਦੇ ਸਨ। ਅਤੇ ਉਸ ਅੰਬਰ ਵਿੱਚੋਂ ਜਿਹੜਾ ਉਨ੍ਹਾਂ ਦੇ ਸਿਰਾਂ ਉੱਤੇ ਸੀ ਇੱਕ ਅਵਾਜ਼ ਆਉਂਦੀ ਸੀ ਅਤੇ ਜਦੋਂ ਉਹ ਖਲੋਂਦੇ ਸਨ ਤਾਂ ਆਪਣੇ ਖੰਭਾਂ ਨੂੰ ਲੰਮਕਾ ਦਿੰਦੇ ਸਨ। ਅਤੇ ਉਸ ਅੰਬਰ ਦੇ ਉੱਤੇ ਜੋ ਉਨ੍ਹਾਂ ਦੇ ਸਿਰ ਉੱਪਰ ਸੀ ਸਿੰਘਾਸਣ ਜਿਹਾ ਸੀ ਅਤੇ ਉਸ ਦਾ ਰੂਪ ਨੀਲਮ ਪੱਥਰ ਵਾਂਗਰ ਸੀ, ਅਤੇ ਉਸ ਸਿੰਘਾਸਣ ਦੇ ਰੂਪ ਉੱਤੇ ਆਦਮੀ ਜਿਹਾ ਰੂਪ ਸੀ। ਅਤੇ ਮੈਂ ਉਸ ਦੇ ਲੱਕ ਤੋਂ ਲੈ ਕੇ ਉੱਤੇ ਤੀਕਰ ਸਿਕਲ ਕੀਤਾ ਹੋਇਆ ਪਿੱਤਲ ਜਿਹਾ ਅੱਗ ਦੀ ਸ਼ਕਲ ਵਰਗਾ ਉਹ ਦੇ ਵਿਚਕਾਰ ਅਤੇ ਦੁਆਲੇ ਵੇਖਿਆ, ਅਤੇ ਉਹ ਦੇ ਲੱਕ ਤੋਂ ਲੈ ਕੇ ਥੱਲੇ ਤੀਕਰ ਮੈਂ ਅੱਗ ਦੀ ਸ਼ਕਲ ਵੇਖੀ, ਅਤੇ ਉਹ ਦੇ ਦੁਆਲੇ ਚਾਰੋਂ ਪਾਸੇ ਚਮਕ ਸੀ। *ਜਿਹੀ ਉਸ ਮੇਘ ਧਣੁਖ ਦਾ ਰੂਪ ਹੈ ਜੋ ਵਰਖਾ ਦੇ ਦਿਨ ਬੱਦਲਾਂ ਵਿੱਚ ਦਿੱਸਦੀ ਹੈ, ਉਹੋ ਜਿਹੀ ਉਸ ਦੇ ਦੁਆਲੇ ਦੀ ਚਮਕ ਦਿੱਸਦੀ ਸੀ।* ਏਹ ਯਹੋਵਾਹ ਦੇ ਪਰਤਾਪ ਦਾ ਪਰਕਾਸ਼ ਜਿਹਾ ਸੀ, ਅਤੇ ਵੇਖਦਿਆਂ ਹੀ ਮੈਂ ਮੂੰਹ ਪਰਨੇ ਡਿੱਗ ਪਿਆ ਅਤੇ ਮੈਂ ਇੱਕ ਅਵਾਜ਼ ਸੁਣੀ, ਜਿਵੇਂ ਕੋਈ ਗੱਲਾਂ ਕਰਦਾ ਹੈ (ਹਿਜ਼ਕੀਏਲ 1:1-28; ਜ਼ੋਰ ਦਿੱਤਾ ਗਿਆ ਹੈ)।

ਯਰੂਸ਼ਲਮ ਵਿਚ ਬਚੇ ਹੋਏ ਇਸਰਾਏਲੀ ਅਜੇ ਵੀ ਇਸ ਭਰਮ ਵਿਚ ਸਨ; ਕਿ ਭਾਵੇਂ ਉਨ੍ਹਾਂ ਨੇ ਹੈਕਲ ਨੂੰ ਦੂਜੇ ਦੇਵਤਿਆਂ ਦੀਆਂ ਮੂਰਤੀਆਂ ਅਤੇ ਬੁੱਤਾਂ ਦੇ ਨਾਲ ਭਰ ਦਿੱਤਾ ਸੀ, ਤਾਂ ਵੀ ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਇਹ ਹੁਣ ਵੀ ਯਹੋਵਾਹ ਦਾ ਨਿਵਾਸ-ਸਥਾਨ ਹੈ। ਉਹ ਇਸ ਗੱਲ ਦੇ ਉੱਤੇ

ਵਿਸ਼ਵਾਸ ਨਹੀਂ ਕਰਦੇ ਸਨ ਕਿ ਉਹ ਆਪਣੀ ਹੈਕਲ ਜਾਂ ਯਹੂਦੀ ਰਾਸ਼ਟਰ ਨੂੰ ਨਾਸ ਹੋਣ ਇਜਾਜ਼ਤ ਦੇ ਦੇਵੇਗਾ।

ਇਸ ਸਵੈ-ਭਰਮ ਤੋਂ ਇਲਾਵਾ, ਜੋ ਲੋਕ ਅਜੇ ਵੀ ਯਰੂਸ਼ਲਮ ਵਿਚ ਰਹਿੰਦੇ ਸਨ ਉਹ ਆਪਣੇ ਉਨ੍ਹਾਂ ਸਾਥੀ ਨਾਗਰਿਕਾਂ ਦਾ ਠੱਠਾ ਕਰ ਰਹੇ ਸਨ ਜਿਨ੍ਹਾਂ ਨੂੰ 605 ਅਤੇ 598 ਈ.ਪੂ. ਵਿਚ ਬਾਬੁਲ ਵਿਚ ਲਿਜਾਇਆ ਗਿਆ ਸੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਗੁਲਾਮ ਹੁਣ ਪ੍ਰਭੂ ਤੋਂ ਬਹੁਤ ਦੂਰ ਸਨ ਕਿਉਂਕਿ ਉਹ ਹੁਣ ਵਾਇਦਾ ਕੀਤੀ ਹੋਈ ਧਰਤੀ ਉੱਤੇ ਨਹੀਂ ਸਨ (ਹਿਜ਼ਕੀਏਲ 11:15)।

ਹਿਜ਼ਕੀਏਲ ਦੀ ਕਿਤਾਬ ਦੇ ਪਹਿਲੇ ਦਰਸ਼ਣ ਤੋਂ ਪਤਾ ਲੱਗਦਾ ਹੈ ਕਿ ਉਹ ਗਲਤ ਸਨ। ਭਾਵੇਂ ਪਰਮੇਸ਼ੁਰ ਨੇ ਗੁਲਾਮੀ ਵਿਚ ਪਏ ਆਪਣੇ ਲੋਕਾਂ ਦੇ ਲਈ ਸ਼ਾਂਤੀਪੂਰਣ ਭਵਿੱਖਵਾਣੀ ਦੇ ਸ਼ਬਦ ਨਿਰੰਤਰ ਭੇਜਦਾ ਰਿਹਾ ਸੀ, ਪਰ ਹੁਣ ਉਹ ਹੈਕਲ ਵਿਚ ਪਏ ਹੋਏ ਨੇਮ ਦੇ ਸੰਦੂਕ ਦੇ ਸਰਾਫੀਮਾਂ ਦੇ ਵਿਚਕਾਰ ਬਿਰਾਜਮਾਨ ਨਹੀਂ ਸੀ (ਵੇਖੋ 2 ਸਮੂਏਲ 6:2)। ਇੱਕ ਬਹੁਤ ਹੀ ਸੰਕੇਤਕ ਬੰਦ ਵਿਚ, ਯਹੋਵਾਹ ਨੂੰ ਬ੍ਰਹਿਮੰਡ ਦੇ ਇੱਕ ਮਹਾਨ ਰਾਜੇ ਦੇ ਰੂਪ ਵਿਚ ਦਰਸਾਇਆ ਗਿਆ ਹੈ, ਜੋ ਪਹੀਆਂ ਵਾਲੇ ਸਵਰਗੀ ਸਿੰਘਾਸਣ ਉੱਤੇ, ਜੋ ਜੀਉਂਦੇ ਪ੍ਰਾਣੀਆਂ ਦੇ ਦੁਆਰਾ ਚਲਾਇਆ ਜਾਂਦਾ ਹੈ, ਜਿਨ੍ਹਾਂ ਨੂੰ ਬਾਅਦ ਵਿਚ ਸਰਾਫ਼ੀਮ ਕਿਹਾ ਗਿਆ ਸੀ ਸਵਾਰੀ ਕਰਦਾ ਹੈ (ਹਿਜ਼ਕੀਏਲ 1:15-26; 10:15, 20)। ਨਬੀ ਦੇ ਉੱਤੇ ਹੋਰ ਦਰਸ਼ਣਾਂ ਨੂੰ ਪਰਗਟ ਕੀਤਾ ਗਿਆ ਸੀ, ਤਾਂ ਕਿ ਇਸ ਗੱਲ ਨੂੰ ਹੋਰ ਵੀ ਸਪੱਸ਼ਟ ਕੀਤਾ ਜਾ ਸਕੇ ਕਿ ਲੋਕਾਂ ਦੀ ਬੁਰਾਈ ਅਤੇ ਮੂਰਤੀਪੂਜਾ ਦੇ ਕਾਰਣ "ਯਹੋਵਾਹ ਦਾ ਪਰਤਾਪ" (ਉਸ ਦੀ ਹਜ਼ੂਰੀ) ਹੈਕਲ ਤੋਂ ਅਤੇ ਯਰੂਸ਼ਲਮ ਸ਼ਹਿਰ ਤੋਂ ਉੱਠ ਰਿਹਾ ਸੀ (ਹਿਜ਼ਕੀਏਲ 8:3-6; 9:3-7; 10:1-5, 15-20; 11:22-25)।

ਇਸ ਤੋਂ ਪਹਿਲਾਂ ਕਿ ਆਖਿਰਕਾਰ "ਯਹੋਵਾਹ ਦਾ ਪਰਤਾਪ" ਸ਼ਹਿਰ ਤੋਂ ਉੱਠ ਜਾਵੇ ਅਤੇ ਜ਼ੈਤੂਨ ਦੇ ਪਹਾੜ ਉੱਤੇ ਜੋ ਯਰੂਸ਼ਲਮ ਤੋਂ ਲਗਭਗ ਇੱਕ ਮੀਲ ਪੂਰਬ ਵਿਚ ਸਥਿਤ ਹੈ ਠਹਿਰ ਜਾਵੇ, ਪ੍ਰਭੂ ਨੇ ਕਬਾਰ ਨਹਿਰ ਉੱਤੇ ਅਸੀਰਾਂ ਉੱਤੇ ਪਰਗਟ ਕੀਤਾ ਕਿ ਉਸ ਦੂਰ ਦੇਸ ਵਿਚ ਵੀ, ਉਹ ਉਨ੍ਹਾਂ ਦਾ ਆਤਮਿਕ "ਸ਼ਰਨਸਥਾਨ" (מִקְדָּשׁ, *ਮੀਕਡਾਸ਼*; "ਹੈਕਲ"; ਹਿਜ਼ਕੀਏਲ 11:16) ਸੀ। ਹੋਰਨਾਂ ਸ਼ਬਦਾਂ ਵਿਚ, ਪਰਮੇਸ਼ੁਰ ਦੇ ਜੋ ਲੋਕ ਬਾਬੁਲ ਦੀ ਗੁਲਾਮੀ ਵਿਚ ਸਨ ਉਹ ਪ੍ਰਭੂ ਤੋਂ ਦੂਰ, ਛੱਡੇ ਜਾਂ ਵਿਸਾਰੇ ਨਹੀਂ ਗਏ ਸਨ, ਜਿਵੇਂ ਕਿ ਯਰੂਸ਼ਲਮ ਵਿਚਲੇ ਘਮੰਡੀ ਯਹੂਦੀਆਂ ਨੇ ਮੰਨ ਲਿਆ ਸੀ। ਇਸ ਦੇ ਉਲਟ, "ਯਹੋਵਾਹ ਦਾ ਪਰਤਾਪ" ਯਰੂਸ਼ਲਮ ਤੋਂ ਉੱਠ ਗਿਆ ਸੀ।

ਪਰਮੇਸ਼ੁਰ ਚਾਹੁੰਦਾ ਸੀ ਕਿ ਉਸ ਦੇ ਲੋਕ ਤੋਬਾ ਕਰਨ, ਅਤੇ ਆਪਣੇ ਦਿਲਾਂ ਅਤੇ ਜੀਵਨਾਂ ਨੂੰ ਦੁਬਾਰਾ ਉਸ ਦੇ ਵੱਲ ਮੋੜ ਲੈਣ। ਉਨ੍ਹਾਂ ਨੂੰ ਇਹ ਜਾਣਨ ਦੀ ਲੋੜ ਸੀ ਕਿ ਉਹ ਹੁਣ ਵੀ ਉਨ੍ਹਾਂ ਨੂੰ ਬਰਕਤ ਦੇਵੇਗਾ ਅਤੇ ਮਾਫ਼ ਕਰੇਗਾ, ਅਤੇ ਇੱਕ ਦਿਨ ਉਨ੍ਹਾਂ ਨੂੰ ਉਨ੍ਹਾਂ ਦੀ ਜਨਮ-ਭੂਮੀ ਤੇ ਮੋੜ ਲੈ ਆਵੇਗਾ (ਹਿਜ਼ਕੀਏਲ 11:17-20)। ਪ੍ਰਭੂ ਜਾਣਦਾ ਸੀ ਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਨਿਰਾਸ਼ ਹੋ ਗਏ ਸਨ, ਅਤੇ ਉਹ ਉਨ੍ਹਾਂ ਨੂੰ ਭਵਿੱਖ ਦੇ ਲਈ ਨਵੀਂ ਆਸ ਦੇਣਾ ਚਾਹੁੰਦਾ ਸੀ। ਹਿਜ਼ਕੀਏਲ ਦਾ ਪਹਿਲਾ ਦਰਸ਼ਣ ਆਉਣ ਵਾਲੀਆਂ ਗੱਲਾਂ ਦੇ ਪੂਰਵਕ ਦੇ ਰੂਪ ਵਿਚ ਖਾਸ ਤੌਰ ਤੇ ਮਹੱਤਵਪੂਰਣ ਸੀ।

ਗਤੀਸ਼ੀਲ ਸਿੰਘਾਸਣ ਦੇ ਰਥ ਦਾ ਪਰਗਟ ਹੋਣਾ, "ਯਹੋਵਾਹ ਦਾ ਪਰਤਾਪ," ਅਤੇ ਬਿਜਲੀ (ਹਿਜ਼ਕੀਏਲ 1:4, 13, 14) ਸਿਰਫ ਪਰਮੇਸ਼ੁਰ ਦੇ ਨਿਆਂ ਦੇ ਸੰਦੇਸ਼ ਦੀ ਵਿਆਖਿਆ ਦੇ ਰੂਪ ਵਿਚ ਦਰਸਾਏ ਗਏ ਸਨ; ਅਤੇ ਇਹ ਨਿਸ਼ਚਤ ਤੌਰ ਤੇ ਨਿਰਾਸ਼ ਇਸਰਾਏਲੀਆਂ ਦੀ ਨਿਰਾਸ਼ਾ ਦਾ ਕਾਰਣ ਸੀ। ਪਰ, ਦਰਸ਼ਣ ਦੇ ਅੰਤ ਵਿਚ, ਨਬੀ ਨੇ ਉਸ ਦੇ ਚਾਰੇ ਪਾਸੇ ਅੱਗ ਦੀ ਸ਼ਾਨਦਾਰ ਚਮਕ ਵੇਖੀ (ਹਿਜ਼ਕੀਏਲ 1:27)। ਹਾਲਾਂਕਿ ਇਹ ਇੱਕ ਡਰਾਉਣਾ ਦਰਸ਼ਣ ਸੀ, ਫਿਰ ਵੀ

ਹਿਜ਼ਕੀਏਲ ਨੇ ਦੁਬਾਰਾ ਚਾਰ-ਚੁਫੇਰੇ ਵੇਖਿਆ ਅਤੇ ਦੱਸਿਆ, "ਜਿਹੀ ਉਸ ਮੇਘ ਧਣੁਖ ਦਾ ਰੂਪ ਹੈ ਜੋ ਵਰਖਾ ਦੇ ਦਿਨ ਬੱਦਲਾਂ ਵਿੱਚ ਦਿੱਸਦੀ ਸੀ . . ." (ਹਿਜ਼ਕੀਏਲ 1:28)। ਅੱਗ ਦੇ ਭਿਆਨਕ ਦ੍ਰਿਸ਼ ਨੇ ਆਪਣੇ ਲੋਕਾਂ ਦੇ ਪਾਪਾ ਦਿ ਵਿਰੁੱਧ ਪਰਮੇਸ਼ੁਰ ਦੇ ਗੁੱਸੇ ਨੂੰ ਦਰਸਾਇਆ; ਇਹ ਤੱਥ ਕਿ ਇਹ ਮੇਘ ਧਣੁਖ ਨਾਲ ਘਿਰਿਆ ਹੋਇਆ ਸੀ ਇਹ ਨਿਆਂ ਦੇ ਦਰਮਿਆਨ ਉਸ ਦੀ ਦਯਾ ਅਤੇ ਕਿਰਪਾ ਦਾ ਪ੍ਰਤੀਕ ਸੀ। ਪਰਮੇਸ਼ੁਰ ਵੱਲੋਂ ਦਿੱਤੇ ਗਏ ਇਸ ਸੁੰਦਰ ਸੰਦੇਸ਼ ਨੇ ਗੁਲਾਮੀ ਵਿਚ ਗਏ ਹੋਏ ਲੋਕਾਂ ਨੂੰ ਉਸੇ ਤਰ੍ਹਾਂ ਦੇ ਨਾਲ ਆਸ ਦੁਆਈ, ਜਿਵੇਂ ਜਲ ਪਰਲੋ ਤੋਂ ਬਾਅਦ ਧਣੁਖ ਨੇ ਨੂਹ ਅਤੇ ਉਸ ਦੇ ਪਰਿਵਾਰ ਨੂੰ ਆਸ ਦੁਆਈ ਸੀ।

*ਪਰਮੇਸ਼ੁਰ ਦੇ ਸਿੰਘਾਸਣ ਦਾ ਪਰਤਾਪ: ਪਰਕਾਸ਼ ਦੀ ਪੋਥੀ ਵਿਚ ਮੇਘ ਧਣੁਖ।* ਬਾਈਬਲ ਦੇ ਇਤਹਾਸ ਵਿਚ ਧਣੁਖ ਦਾ ਨਿਸ਼ਾਨ ਦੁਬਾਰਾ ਹਿਜ਼ਕੀਏਲ ਦੇ ਸਮੇਂ ਤੋਂ ਸਦੀਆਂ ਪਿੱਛੋਂ ਪਰਗਟ ਹੋਇਆ, ਜਦੋਂ ਰੋਮੀ-ਸਾਮਰਾਜ ਦੇ ਮਸੀਹੀ ਬਹੁਤ ਹੀ ਭਿਆਨਕ ਅੱਤਿਆਚਾਰ ਦਾ ਸਾਹਮਣਾ ਕਰ ਰਹੇ ਸਨ। ਰੋਮ "ਬਾਬੁਲ ਉਹ ਵੱਡੀ ਨਗਰੀ, ਕੰਜਰੀਆਂ ਅਤੇ ਧਰਤੀ ਦੀਆਂ ਘਿਣਾਉਣੀਆਂ ਵਸਤਾਂ ਦੀ ਮਾਂ" ਬਣ ਗਿਆ ਸੀ। ਰਾਜਧਾਨੀ ਦੀ ਤੁਲਨਾ ਇੱਕ ਵੇਸਵਾ ਦੇ ਨਾਲ ਕੀਤੀ ਗਈ ਸੀ ਜੋ "ਸੰਤਾਂ ਦੇ ਲਹੂ ਨਾਲ ਅਤੇ ਯਿਸੂ ਦੇ ਸ਼ਹੀਦਾਂ ਦੇ ਲਹੂ ਨਾਲ ਮਸਤ ਹੋਈ ਹੋਈ ਸੀ" (ਪਰਕਾਸ਼ 17:5, 6)। ਪਹਿਲੀ ਸਦੀ ਦੇ ਅੰਤ ਦੇ ਨੇੜੇ ਇਹ ਸਮਾਂ ਪਰਮੇਸ਼ੁਰ ਦੇ ਲੋਕਾਂ ਦੇ ਲਈ ਬਹੁਤ ਹੀ ਮੁਸ਼ਕਲ ਦਾ ਸਮਾਂ ਸੀ। ਇੰਝ ਜਾਪ ਰਿਹਾ ਸੀ ਜਿਵੇਂ ਸ਼ਤਾਨ ਅਤੇ ਉਸ ਦੇ ਹਥਿਆਰ[28] ਕਲੀਸੀਆ ਨੂੰ ਨਾਸ ਕਰਨ ਵਿਚ ਸਫਲ ਹੋ ਸਕਦੇ ਹਨ। ਰੋਮ ਦੀ ਆਰਥਿਕ, ਰਾਜਨੀਤਿਕ, ਅਤੇ ਫੌਜੀ ਸ਼ਕਤੀ ਦੇ ਸਾਹਮਣੇ ਮਸੀਹੀ ਬੇਵੱਸ ਜਾਪ ਰਹੇ ਸਨ।

ਇਨ੍ਹਾਂ ਖਤਰਨਾਕ ਸਮਿਆਂ ਦੇ ਦੌਰਾਨ, ਯੂਹੰਨਾ ਰਸੂਲ ਨੂੰ ਏਸ਼ੀਆ ਦੇ ਰੋਮੀ ਸੂਬੇ (ਆਧੁਨਿਕ ਪੱਛਮੀ ਤੁਰਕੀ) ਦੀਆਂ ਸੱਤਾਂ ਕਲੀਸੀਆਵਾਂ ਨੂੰ ਉਨ੍ਹਾਂ ਦ੍ਰਿਸ਼ਟਾਂਤਾਂ ਦਾ ਸੰਦੇਸ਼ ਦਿੰਦੇ ਹੋਏ ਜੋ ਪਰਮੇਸ਼ੁਰ ਨੇ ਉਸ ਨੂੰ ਵਿਖਾਏ ਸਨ, ਪੱਤ੍ਰੀਆਂ ਲਿਖਣ ਦੇ ਲਈ ਕਿਹਾ ਗਿਆ ਸੀ (ਪਰਕਾਸ਼ 1:11)। ਇਨ੍ਹਾਂ ਦ੍ਰਿਸ਼ਟਾਤਾਂ ਦੇ ਵਿਸ਼ੇ ਵਿਚ ਉਸ ਦਾ ਰਿਕਾਰਡ, ਪਰਕਾਸ਼ ਦੀ ਪੋਥੀ, ਯਿਸੂ ਦੇ ਇੱਕ ਚਿੱਤਰਣ ਦੇ ਨਾਲ ਸ਼ੁਰੂ ਹੁੰਦਾ ਹੈ "ਜਿਹੜਾ ਸਾਡੇ ਨਾਲ ਪ੍ਰੇਮ ਕਰਦਾ ਹੈ ਅਤੇ ਜਿਹ ਨੇ ਸਾਨੂੰ ਆਪਣੇ ਲਹੂ ਨਾਲ ਸਾਡੇ ਪਾਪਾਂ ਤੋਂ ਛੁਡਾ ਦਿੱਤਾ" (ਪਰਕਾਸ਼ 1:5)।

ਪਰਕਾਸ਼ 1:13-18 ਵਿਚ ਮਨੁੱਖ ਦੇ ਪੁੱਤਰ ਦੇ ਤੌਰ ਤੇ ਯਿਸੂ ਦਾ ਵਰਣਨ ਹਿਜ਼ਕੀਏਲ 1 ਅਤੇ ਦਾਨੀਏਲ 7 ਅਧਿਆਇ ਦੀ ਕਲਪਨਾ ਤੋਂ ਪ੍ਰਾਪਤ ਬਹੁਤ ਹੀ ਵਧੀਕ ਪ੍ਰਤੀਕਾਤਮਕ ਭਾਸ਼ਾ ਦੇ ਨਾਲ ਮਿਲਾਇਆ ਗਿਆ ਹੈ। ਇਸ ਆਸ ਭਰੇ ਦ੍ਰਿਸ਼ ਵਿਚ ਯਿਸੂ ਨੂੰ ਇੱਕ "ਮੁਰਦਾ ਸਾਂ" ਦੇ ਰੂਪ ਵਿਚ ਵਰਣਨ ਕੀਤਾ ਗਿਆ ਹੈ, ਪਰ ਵੇਖੋ ਉਹ "ਜੁੱਗੋ ਜੁੱਗ ਜੀਉਂਦਾ" ਹੈ। ਇਹ ਇੱਕ ਭਿਆਨਕ ਅਤੇ ਸ਼ਾਨਦਾਰ ਦ੍ਰਿਸ਼ ਸੀ, ਕਿਉਂਕਿ ਦਰਸ਼ਣ ਦੀ ਸ਼ੁਰੂਆਤ ਜੀ ਉੱਠੇ ਪ੍ਰਭੂ ਨੂੰ ਪਰਮੇਸ਼ੁਰ ਦੇ ਰੂਪ ਵਿਚ ਦਰਸਾਉਂਦੀ ਹੈ, ਜੋ ਕਿ ਬ੍ਰਹਿਮੰਡ ਦਾ ਅਨੰਤ ਨਿਆਈਂ ਹੈ, ਜਿਸ ਨੇ "ਮੌਤ ਅਤੇ ਪਤਾਲ ਦੀਆਂ ਕੁੰਜੀਆਂ" ਫੜੀਆਂ ਹੋਈਆਂ ਹਨ (ਪਰਕਾਸ਼ 1:18)।

ਕਲੀਸੀਆਂ ਦੀਆਂ ਪੱਤ੍ਰੀਆਂ ਦੇ ਵਿਚ ਮਹਿਮਾ, ਚੇਤਾਵਨੀਆਂ, ਅਸੀਸਾਂ ਅਤੇ ਉਪਦੇਸ਼ਾਂ ਦਾ ਮਿਸ਼ਰਣ ਹੁੰਦਾ ਹੈ। ਆਸ ਉਨ੍ਹਾਂ ਦੇ ਲਈ ਹੈ ਜੋ "ਮਰਨ ਤੋੜੀ ਵਫ਼ਾਦਾਰ" ਰਹਿੰਦੇ ਹਨ: ਉਹ "ਜੀਵਨ ਦਾ ਮੁਕਟ" ਪ੍ਰਾਪਤ ਕਰਨਗੇ (ਪਰਕਾਸ਼ 2:10)। ਜਿਹੜਾ ਜਿੱਤਣ ਵਾਲਾ ਹੈ ਉਸ ਨੂੰ ਯਿਸੂ ਦੇ ਨਾਲ ਉਸ ਦੇ ਸਿੰਘਾਸਣ ਤੇ "ਬਿਠਾਇਆ" ਜਾਵੇਗਾ, ਜਿਵੇਂ ਉਹ "ਵੀ ਜਿੱਤਿਆ ਅਤੇ ਆਪਣੇ ਪਿਤਾ ਦੇ ਨਾਲ ਉਹ ਦੇ ਸਿੰਘਾਸਣ ਉੱਤੇ ਬੈਠਾ" (ਪਰਕਾਸ਼ 3:21)। ਪਰ, ਝੂਠੀਆਂ ਡਾਕਟ੍ਰਿਨਾਂ, ਮੂਰਤੀਪੂਜਾ, ਜਾਂ ਅਨੈਤਿਕਤਾ ਵੱਲ ਮੁੜਣ ਵਾਲੇ ਲੋਕਾਂ ਨੂੰ "ਤੋਬਾ ਕਰਨ, "ਜਾਂ ਪ੍ਰਭੂ ਜਲਦੀ ਆਵੇਗਾ ਤਾਂ ਕਿ "ਓਹਨਾਂ ਨਾਲ ਆਪਣੇ ਮੂੰਹ ਦੀ ਤਲਵਾਰ ਦੇ ਨਾਲ ਲੜਾਂਗਾ [ਲੜੇ]"

(ਪਰਕਾਸ਼ 2:16) ਦੇ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ।

ਪਹਿਲੇ ਦਿਲਾਸਾ ਦੇਣ ਵਾਲੇ ਸ਼ਬਦਾਂ ਦੇ ਬਾਵਜੂਦ ਜੋ ਪ੍ਰਭੂ ਨੇ ਆਪਣੇ ਲੋਕਾਂ ਨਾਲ ਬੋਲੇ ਸਨ (ਵੇਖੋ ਪਰਕਾਸ਼ 1:5, 6), ਸਤਾਏ ਹੋਏ ਅਤੇ ਨਿਰਾਸ਼ ਹੋ ਚੁੱਕੇ ਮਸੀਹੀਆਂ ਨੂੰ ਆਸ ਦਿਵਾਉਣੀ ਬਹੁਤ ਹੀ ਜ਼ਰੂਰੀ ਹੈ। ਪਰਮੇਸ਼ੁਰ ਦੇ ਲੋਕ ਬੁਰੀ ਤਰ੍ਹਾਂ ਦਬਾਏ ਗਏ ਸਨ। ਬਾਹਰੀ ਰੂਪਾਂ ਤੋਂ ਇਹ ਸੰਕੇਤ ਮਿਲ ਸਕਦਾ ਹੈ ਕਿ ਸ਼ਾਇਦ ਬੁਰਾਈ ਪ੍ਰਬਲ ਹੋ ਸਕਦੀ ਹੈ ਅਤੇ ਇਹ ਕਿ ਯਿਸੂ ਦੀ ਬਜਾਇ ਸਮਰਾਟ, ਸੱਚਮੁੱਚ ਪ੍ਰਭੂ, ਪਰਮੇਸ਼ੁਰ, ਅਤੇ ਮੁਕਤੀਦਾਤਾ ਸੀ – ਪਰ ਪਰਮੇਸ਼ੁਰ ਚਾਹੁੰਦਾ ਸੀ ਕਿ ਮਸੀਹੀ ਲੋਕ ਇਸ ਗੱਲ ਨੂੰ ਜਾਣਨ ਕਿ ਉਹ ਹੁਣ ਵੀ ਆਪਣੇ ਸਿੰਘਾਸਣ ਤੇ ਵਿਰਾਜਮਾਨ ਸੀ ਅਤੇ ਸੰਸਾਰ ਦੀ ਸਥਿਤੀ ਨੂੰ ਨਿਯੰਤਰਿਤ ਕਰਦਾ ਹੈ।

ਨਿਆਂ ਰੋਮੀ ਸਾਮਰਾਜ ਦਾ ਇੰਤਜ਼ਾਰ ਕਰ ਰਿਹਾ ਸੀ। ਅੰਤ ਦੇ ਸਮੇਂ, ਉਹ ਸਭ ਲੋਕ ਜਿਨ੍ਹਾਂ ਨੇ ਦਰਿੰਦੇ ਅਤੇ ਉਸ ਦੀ ਮੂਰਤੀ ਦੀ ਪੂਜਾ ਕੀਤੀ ਸੀ, ਸਾਰੇ ਅਵਿਸ਼ਵਾਸੀ ਦੁਸ਼ਟਾਂ ਦੇ ਨਾਲ, ਨਿਆਂ ਦੇ ਚਿੱਟੇ ਸਿੰਘਾਸਣ ਦੇ ਸਾਹਮਣੇ ਖੜੇ ਹੋਣਗੇ ਅਤੇ ਅਨੰਤ ਕਾਲ ਦੀ ਸਜ਼ਾ ਦੇ ਲਈ ਅੱਗ ਦੀ ਝੀਲ ਵਿਚ ਸੁੱਟ ਦਿੱਤੇ ਜਾਣਗੇ (ਪਰਕਾਸ਼ 19:19, 20; 20:11-15)। ਪਰ, ਇਨ੍ਹਾਂ ਨਿਆਂਵਾਂ ਦੀ ਚਰਚਾ ਕਰਨ ਤੋਂ ਪਹਿਲਾਂ, ਪਰਮੇਸ਼ੁਰ ਨੇ ਇੱਕ ਹੋਰ ਦ੍ਰਿਸ਼ਟੀਕੋਣ ਦਾ ਉਪਯੋਗ ਕੀਤਾ। ਆਪਣੇ ਭਾਰੀ ਸੰਘਰਸ਼ਾਂ ਦੇ ਮੱਦੇਨਜ਼ਰ, ਇਨ੍ਹਾਂ ਮਸੀਹੀਆਂ ਨੂੰ ਯੂਹੰਨਾ ਦੇ ਨਾਲ, ਅਣਡਿੱਠੀਆਂ ਚੀਜ਼ਾਂ ਵੇਖਣ ਦੀ ਵੀ ਲੋੜ ਸੀ। ਦਰਸ਼ਣ ਵਿਚ ਬਜ਼ੁਰਗ ਯੂਹੰਨਾ ਰਸੂਲ ਅਸਲ ਵਿਚ ਸਵਰਗ ਦੀਆਂ ਜੇਤੂ ਤਸਵੀਰਾਂ ਨੂੰ ਵੇਖ ਸਕਦਾ ਸੀ; ਹਰੇਕ ਕਲੀਸੀਆ ਜਿਸ ਨੂੰ ਯੂਹੰਨਾ ਰਸੂਲ ਨੇ ਲਿਖਿਆ ਸੀ ਉਹ ਉਸ ਗਵਾਹੀ ਨੂੰ ਪੜ੍ਹੇਗੀ ਕਿ ਪਰਮੇਸ਼ੁਰ ਨੇ ਉਸ ਨੂੰ ਕੀ ਦੱਸਿਆ ਸੀ।

ਏਸ਼ੀਆ ਦੀਆਂ ਸੱਤਾਂ ਕਲੀਸੀਆਵਾਂ ਨੂੰ ਲਿਖੀਆਂ ਚਿੱਠੀਆਂ ਤੋਂ ਤੁਰੰਤ ਬਾਅਦ (ਪਰਕਾਸ਼ 2:1–3:22), ਯੂਹੰਨਾ ਨੂੰ ਇਜਾਜ਼ਤ ਦਿੱਤੀ ਗਈ ਸੀ ਕਿ ਉਹ ਸਵਰਗ ਅਤੇ ਉਸ ਨੂੰ ਵੇਖੇ ਜਿਹੜਾ ਸਿੰਘਾਸਣ ਉੱਤੇ ਵਿਰਾਜਮਾਨ ਹੈ (ਪਰਕਾਸ਼ 4:2-8), ਜਿਸ ਦਾ ਵਰਣਨ ਯਸਾਯਾਹ 6:1-3; ਹਿਜ਼ਕੀਏਲ 1:26-28; ਅਤੇ ਦਾਨੀਏਲ 7:9, 10 ਦੀ ਪ੍ਰਤੀਕਾਤਮਕ ਭਾਸ਼ਾ ਵਿਚ ਕੀਤਾ ਗਿਆ ਹੈ। ਉਸ ਨੇ ਸਿੰਘਾਸਣ ਦੇ ਉੱਤੇ ਲੇਲੇ (ਯਿਸੂ) ਨੂੰ ਵੇਖਿਆ, ਅਤੇ ਸਵਰਗ ਦੀਆਂ ਸਾਰੀਆਂ ਸੈਨਾਵਾਂ ਪਰਮੇਸ਼ੁਰ ਪਿਤਾ ਅਤੇ ਪਰਮੇਸ਼ੁਰ ਪੁੱਤਰ ਦੀ ਮਹਿਮਾ ਅਤੇ ਉਪਾਸਨਾ ਕਰ ਰਹੀਆਂ ਸਨ (ਵੇਖੋ ਪਰਕਾਸ਼ 4:9-11; 5:9-14)। ਹਿਜ਼ਕੀਏਲ 1 ਅਧਿਆਇ ਦੇ ਵਾਂਗ, ਪਰਿਸਥਿਤੀਆਂ ਉਹ ਨਹੀਂ ਸਨ ਜੋ ਜਾਪ ਰਹੀਆਂ ਸਨ। ਸਵਰਗ ਅਤੇ ਧਰਤੀ ਦਾ ਸੱਚਾ ਰਾਜਾ ਅਤੇ ਸ਼ਾਸਕ ਇੱਕ ਸ਼ਾਬਦਿਕ ਸਿੰਘਾਸਣ ਦੇ ਉੱਤੇ ਅਸਥਾਈ ਰਾਜਾ, ਜਿਵੇਂ ਨਬੂਕਦਨੱਸਰ ਜਾਂ ਕੈਸਰ ਨਹੀਂ ਸੀ। ਜੋ ਨਿਯੰਤਰਣ ਕਰਨ ਵਾਲਾ ਹੈ ਉਹ ਪ੍ਰਭੂ ਪਰਮੇਸ਼ੁਰ; ਅਤੇ ਉਸ ਦਾ ਪੁੱਤਰ, ਯਿਸੂ ਮਸੀਹ ਹੈ, ਜੋ ਉਸ ਦੇ ਨਾਲ ਸਵਰਗ ਦੇ ਸਿੰਘਾਸਣ ਤੇ ਬੈਠਾ ਹੈ। ਯੂਹੰਨਾ ਨੇ ਲਿਖਿਆ ਹੈ,

> . . . ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਅਕਾਸ਼ ਵਿੱਚ ਇੱਕ ਬੂਹਾ ਖੁਲ੍ਹਿਆ ਹੋਇਆ ਹੈ ਅਤੇ ਪਹਿਲੀ ਅਵਾਜ਼ ਜੋ ਮੈਂ ਸੁਣੀ ਸੋ ਤੁਰ੍ਹੀ ਜਿਹੀ ਮੇਰੇ ਨਾਲ ਗੱਲ ਕਰਦੀ ਸੀ ਭਈ ਐਧਰ ਉਤਾਹਾਂ ਨੂੰ ਆ ਜਾਹ ਅਤੇ ਜੋ ਕੁਝ ਇਹ ਦੇ ਮਗਰੋਂ ਹੋਣ ਵਾਲਾ ਹੈ ਉਹ ਮੈਂ ਤੈਨੂੰ ਵਿਖਾਵਾਂ। ਓਵੇਂ ਹੀ ਮੈਂ ਆਤਮਾ ਵਿੱਚ ਆਇਆ। ਤਾਂ ਕੀ ਵੇਖਦਾ ਹਾਂ ਭਈ ਸੁਰਗ ਵਿੱਚ ਇੱਕ ਸਿੰਘਾਸਣ ਧਰਿਆ ਹੋਇਆ ਹੈ ਅਤੇ ਓਸ ਸਿੰਘਾਸਣ ਉੱਤੇ ਕੋਈ ਬਿਰਾਜਮਾਨ ਹੈ ਸੋ ਵੇਖਣ ਨੂੰ ਪੁਖਰਾਜ ਅਤੇ ਅਕੀਕ ਪੱਥਰ ਵਰਗਾ ਹੈ ਅਤੇ *ਸਿੰਘਾਸਣ ਦੇ ਦੁਆਲੇ ਇੱਕ ਮੇਘ ਧਣੁਖ ਹੈ* ਜੋ ਵੇਖਣ ਨੂੰ ਪੰਨੇ ਦੀ ਨਿਆਈਂ ਹੈ। ਸਿੰਘਾਸਣ ਦੇ ਦੁਆਲੇ ਚੱਵੀ ਗੱਦੀਆਂ ਹਨ ਅਤੇ ਮੈਂ ਚੱਵੀ ਬਜ਼ੁਰਗਾਂ ਨੂੰ ਚਿੱਟੇ ਬਸਤਰ ਪਹਿਨੇ ਅਤੇ ਸਿਰਾਂ ਉੱਤੇ ਸੋਨੇ ਦੇ ਮੁਕਟ ਧਰੇ ਓਹਨਾਂ ਗੱਦੀਆਂ ਉੱਤੇ ਬੈਠਿਆਂ ਡਿੱਠਾ।

> ਅਤੇ ਸਿੰਘਾਸਣ ਵਿੱਚੋਂ ਬਿਜਲੀਆਂ ਦੀਆਂ ਲਿਸ਼ਕਾਂ ਅਤੇ ਅਵਾਜ਼ਾਂ ਅਤੇ ਬੱਦਲ ਦੀਆਂ ਗਰਜਾਂ ਨਿੱਕਲਦੀਆਂ ਹਨ ਅਤੇ ਸਿੰਘਾਸਣ ਦੇ ਮੋਹਰੇ ਅੱਗ ਦੇ ਸੱਤ ਦੀਵੇ ਪਏ ਬਲਦੇ ਹਨ ਜਿਹੜੇ ਪਰਮੇਸ਼ੁਰ ਦੇ ਸੱਤੇ ਆਤਮੇ ਹਨ। ਅਤੇ ਸਿੰਘਾਸਣ ਦੇ ਅੱਗੇ ਬਲੌਰ ਵਰਗਾ ਕੱਚ ਦਾ ਇੱਕ ਸਮੁੰਦਰ ਜਿਹਾ ਹੈ ਅਤੇ ਸਿੰਘਾਸਣ ਦੇ ਵਿਚਾਲੇ ਅਤੇ ਸਿੰਘਾਸਣ ਦੇ ਦੁਆਲੇ ਚਾਰ ਜੰਤੂ ਹਨ . . . ਇਹ ਕਹਿਣ ਤੋਂ ਸਾਹ ਨਹੀਂ ਲੈਂਦੇ, – ਪਵਿੱਤਰ, ਪਵਿੱਤਰ, ਪਵਿੱਤਰ ਹੈ ਪ੍ਰਭੂ ਪਰਮੇਸ਼ੁਰ, ਸਰਬ ਸ਼ਕਤੀਮਾਨ, ਜਿਹੜਾ ਹੈਸੀ ਅਤੇ ਹੈ ਅਤੇ ਆਉਣ ਵਾਲਾ ਹੈ! ਜਾਂ ਓਹ ਜੰਤੂ ਉਸ ਦੀ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਅਤੇ ਜਿਹੜਾ ਜੁੱਗੋ ਜੁੱਗ ਜੀਉਂਦਾ ਹੈ ਵਡਿਆਈ, ਮਾਣ ਅਤੇ ਧੰਨਵਾਦ ਕਰਨਗੇ। ਤਾਂ ਚੱਵੀ ਬਜ਼ੁਰਗ ਉਹ ਦੇ ਅੱਗੇ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਡਿੱਗ ਪੈਣਗੇ ਅਤੇ ਉਹ ਨੂੰ ਜਿਹੜਾ ਜੁੱਗੋ ਜੁੱਗ ਜੀਉਂਦਾ ਹੈ ਮੱਥਾ ਟੇਕਣਗੇ ਅਤੇ ਇਹ ਆਖਦਿਆਂ ਆਪਣੇ ਮੁਕਟ ਸਿੰਘਾਸਣ ਦੇ ਅੱਗੇ ਸੁੱਟਣਗੇ, – ਹੇ ਸਾਡੇ ਪ੍ਰਭੂ ਅਤੇ ਸਾਡੇ ਪਰਮੇਸ਼ੁਰ, ਤੂੰ ਮਹਿਮਾ, ਮਾਣ, ਅਤੇ ਸਮੱਰਥਾ ਲੈਣ ਦੇ ਜੋਗ ਹੈਂ, ਤੈਂ ਜੋ ਸਾਰੀਆਂ ਵਸਤਾਂ ਰਚੀਆਂ, ਅਤੇ ਓਹ ਤੇਰੀ ਹੀ ਇੱਛਿਆ ਨਾਲ ਹੋਈਆਂ ਅਤੇ ਰਚੀਆਂ ਗਈਆਂ (ਪਰਕਾਸ਼ 4:1-11; ਜ਼ੋਰ ਦਿੱਤਾ ਗਿਆ ਹੈ).

ਯੂਹੰਨਾ ਦੇ ਉਤਸਾਹ ਦੇਣ ਵਾਲੇ ਦਰਸ਼ਣ ਦਾ ਮੁੱਖ ਆਕਰਸ਼ਣ "ਸਿੰਘਾਸਣ ਦੇ ਦੁਆਲੇ ਇੱਕ ਮੇਘ ਧਣੁਖ" ਹੈ (ਪਰਕਾਸ਼ 4:3)। ਨਿਸ਼ਾਨ ਸ਼ਕਤੀਸ਼ਾਲੀ ਸੀ। ਜਦੋਂ ਨੂਹ ਅਤੇ ਉਸ ਦਾ ਪਰਿਵਾਰ ਜਲ ਪਰਲੋ ਤੋਂ ਬਚੇ ਹੋਏ ਸੰਸਾਰ ਨੂੰ ਵੇਖਣ ਦੇ ਲਈ ਕਿਸ਼ਤੀ ਵਿਚੋਂ ਬਾਹਰ ਆਇਆ ਤਾਂ ਧਣੁਖ ਦੇ ਨੇਮ ਨੇ ਉਨ੍ਹਾਂ ਨੂੰ ਨਵੀਂ ਸ਼ੁਰੂਆਤ ਅਤੇ ਜੀਵਨ ਦੀ ਨਿਰੰਤਰਤਾ ਅਤੇ ਧਰਤੀ ਉੱਤੇ ਪਰਮੇਸ਼ੁਰ ਦੇ ਅਸੀਸ ਦੀ ਆਸ ਦਿੱਤੀ। ਇਸੇ ਤਰ੍ਹਾਂ, ਜਦੋਂ ਬਾਬਲ ਦੀ ਗੁਲਾਮੀ ਵਿਚ ਗਏ ਹੋਏ ਯਹੂਦੀਆਂ ਨੂੰ ਕਿਹਾ ਗਿਆ ਸੀ ਕਿ ਜੇਕਰ ਯਰੂਸ਼ਲਮ ਵਿਚ ਬਚੇ ਹੋਏ ਪਰਮੇਸ਼ੁਰ ਦੇ ਲੋਕ ਤੋਬਾ ਨਹੀਂ ਕਰਦੇ ਤਾਂ ਉਨ੍ਹਾਂ ਦੇ ਉੱਤੇ ਭਿਆਨਕ ਤਬਾਹੀ ਆ ਪਵੇਗੀ, ਤਾਂ ਹਿਜ਼ਕੀਏਲ ਦੇ ਦਰਸ਼ਣ ਵਿਚ ਪਰਮੇਸ਼ੁਰ ਦੇ ਸਿੰਘਾਸਣ ਦੇ ਚਾਰੇ-ਪਾਸੇ ਦੇ ਮੇਘ ਧਣੁਖ ਨੇ ਕੈਦ ਦੇ ਪਿੱਛੋਂ ਇੱਕ ਨਵੀਂ ਸ਼ੁਰੂਆਤ ਦੀ ਉਮੀਦ ਪਰਗਟ ਕੀਤੀ। ਇਸ ਨੇ ਉਨ੍ਹਾਂ ਨੂੰ ਯਕੀਨ ਦਵਾਇਆ ਕਿ ਪਰਮੇਸ਼ੁਰ ਆਪਣੇ ਲੋਕਾਂ ਨੂੰ ਵਾਇਦੇ ਕੀਤੇ ਹੋਏ ਦੇਸ ਵਿਚ ਵਾਪਸ ਲਿਆਵੇਗਾ ਅਤੇ ਉੱਥੇ ਉਨ੍ਹਾਂ ਨੂੰ ਉਸੇ ਪ੍ਰਕਾਰ ਅਸੀਸ ਦੇਵੇਗਾ ਜਿਵੇਂ ਉਸ ਨੇ ਪਹਿਲਾਂ ਉਨ੍ਹਾਂ ਨੂੰ ਅਸੀਸ ਦਿੱਤੀ ਸੀ।

ਪਹਿਲੀ ਸਦੀ ਦੇ ਅੰਤ ਵਿਚ, ਜਦੋਂ ਕੈਸਰ ਨੇ "ਪ੍ਰਭੂ, ਪਰਮੇਸ਼ੁਰ, ਅਤੇ ਮੁਕਤੀਦਾਤਾ" ਹੋਣ ਦਾ ਦਾਅਵਾ ਕੀਤਾ, ਤਾਂ ਯੂਹੰਨਾ ਦੇ ਦਰਸ਼ਣ ਨੇ ਇਸ ਤਰ੍ਹਾਂ ਦੇ ਘਮੰਡ ਭਰੇ ਝੂਠ ਦਾ ਖੁਲਾਸਾ ਕੀਤਾ ਅਤੇ ਇੱਕ ਯਾਦਗਾਰੀ ਦੇ ਰੂਪ ਵਿਚ ਕੰਮ ਕੀਤਾ ਕਿ ਸੱਚਾ "ਪ੍ਰਭੂ, ਪਰਮੇਸ਼ੁਰ, ਅਤੇ ਮੁਕਤੀਦਾਤਾ" ਯਿਸੂ ਮਸੀਹ ਹੈ ਜੋ ਸਵਰਗੀ ਸਿੰਘਾਸਣ ਉੱਤੇ ਵਿਰਾਜਮਾਨ ਹੈ। ਜਦੋਂ ਯੂਹੰਨਾ ਨੇ ਸਵਰਗ ਵੱਲ ਵੇਖਿਆ ਅਤੇ ਸਿੰਘਾਸਣ ਦੇ ਆਲੇ-ਦੁਆਲੇ ਮੇਘ ਧਣੁਖ ਵੇਖਿਆ, ਤਾਂ ਇਸ ਚਿੱਤਰ ਨੇ ਪਰਮੇਸ਼ੁਰ ਦੇ ਲੋਕਾਂ ਦੇ ਲਈ ਨਿਆਂ ਦੇ ਵਿਚ ਕਿਰਪਾ ਦਾ ਸੰਕੇਤ ਦਿੱਤਾ। ਇਸ ਨੇ ਉਨ੍ਹਾਂ ਨੂੰ – ਜੇਕਰ ਇਸ ਜੀਵਨ ਵਿਚ ਨਹੀਂ, ਤਾਂ ਅਨੰਤ ਕਾਲ ਦੇ ਲਈ ਨਵੇਂ ਸਵਰਗ ਅਤੇ ਨਵੀਂ ਧਰਤੀ ਵਿਚ ਭਵਿੱਖ ਦੇ ਲਈ ਆਸ ਦਿੱਤੀ। ਉੱਥੇ ਪਰਮੇਸ਼ੁਰ ਸਭ ਦੇ ਅੱਥਰੂ ਪੂੰਝ ਦੇਵੇਗਾ, ਅਤੇ ਜੋ ਬਚਾਏ ਹੋਏ ਹੋਣਗੇ ਉਨ੍ਹਾਂ ਨੂੰ ਮੌਤ, ਸੋਗ, ਰੋਣ ਜਾਂ ਦਰਦ ਦਾ ਕੋਈ ਅਨੁਭਵ ਨਹੀਂ ਹੋਵੇਗਾ; ਕਿਉਂਕਿ ਉਹ ਸਭ ਚੀਜ਼ਾਂ ਨਵੀਆਂ ਕਰ ਦੇਵੇਗਾ (ਪਰਕਾਸ਼ 21:1-5)। ਅਨੰਤ ਕਾਲ ਵਿਚ, ਮਸੀਹ ਵਿਚ ਨਵੀਂ ਸਰਿਸ਼ਟੀ ਦਾ ਅੰਤਿਮ ਪੂਰਤੀ ਹੋਵੇਗੀ (2 ਕੁਰਿੰਥੀਆਂ 5:17), ਅਤੇ ਸਾਰਿਆਂ ਯੁੱਗਾਂ ਦੇ ਛੁਟਕਾਰਾ ਪਾਏ ਹੋਏ ਲੋਕ ਮੇਘ ਧਣੁਖ ਵਾਲੇ ਸਿੰਘਾਸਣ ਦੇ ਸਾਹਮਣੇ ਇਕੱਠੇ ਹੋ ਕੇ, ਪਰਮੇਸ਼ੁਰ ਅਤੇ ਲੇਲੇ (ਯਿਸੂ) ਦੀ ਸਦੀਪਕ ਕਾਲ ਤੱਕ ਮਹਿਮਾ ਕਰਣਗੇ।

**"ਅਨੰਤ ਨੇਮ" (9:16)**

ਇਬਰਾਨੀ ਵਾਕ עוֹלָם בְּרִית (*ਬਰਿਥ ਓਲਮ)*, "ਸਦੀਪਕ ਨੇਮ" ਜਾਂ "ਅਨੰਤ ਨੇਮ," ਦਾ ਪੁਰਾਣੇ ਨੇਮ ਵਿਚ ਸੋਲਾਂ ਵਾਰ ਅਨੁਵਾਦ ਕੀਤਾ ਗਿਆ ਹੈ। ਅਸੀਂ ਇਸ ਵਾਕ ਦੇ ਉਪਯੋਗ ਦਾ ਸਰਵੇਖਣ ਕਰਾਂਗੇ ਅਤੇ ਫਿਰ *ਓਲਮ* ਦੇ ਵੱਖ ਵੱਖ ਅਰਥਾਂ ਤੇ ਵਿਚਾਰ ਕਰਾਂਗੇ।

ਹਾਲਾਂਕਿ ਨੇਮ ਆਮ ਤੌਰ ਤੇ ਦੋ ਧਿਰਾਂ ਦੇ ਨਾਲ ਜੁੜੇ ਹੋਏ ਹੁੰਦੇ ਸਨ, ਪਰ ਪਰਮੇਸ਼ੁਰ ਨੇ ਕਦੀ ਕਦੀ ਇੱਕ ਅਜਿਹਾ ਨੇਮ ਬੰਨ੍ਹਿਆ ਜੋ ਇੱਕ ਨੇਮ ਨੂੰ ਪੂਰਾ ਕਰਨ ਦੇ ਲਈ ਆਪਣੇ ਆਪ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੈ। ਉਦਾਹਰਣ ਦੇ ਲਈ, ਨੂਹ ਦੇ ਨਾਲ ਪਰਮੇਸ਼ੁਰ ਦੇ ਨੇਮ ਵਿਚ ਸਿਰਫ ਇੱਕੋ ਸ਼ਰਤ ਹੈ: ਕਿ ਪਰਮੇਸ਼ੁਰ ਦੁਬਾਰਾ ਕਦੀ ਵੀ ਸਾਰੀ ਧਰਤੀ ਦੇ ਉੱਤੇ ਜਲ ਪਰਲੋ ਨਹੀਂ ਲਿਆਵੇਗਾ।

> ਮੈਂ ਆਪਣਾ ਨੇਮ ਤੁਹਾਡੇ ਨਾਲ ਬੰਨ੍ਹਾਂਗਾ ਅਤੇ ਸਾਰੇ ਸਰੀਰਾਂ ਦਾ ਨਾਸ ਫੇਰ ਪਰਲੋ ਦੇ ਪਾਣੀਆਂ ਦੇ ਰਾਹੀਂ ਨਹੀਂ ਕੀਤਾ ਜਾਵੇਗਾ ਅਰ ਨਾ ਪਰਲੋ ਧਰਤੀ ਦੇ ਨਾਸ ਕਰਨ ਲਈ ਫੇਰ ਆਵੇਗੀ . . . । ਧਣੁਕ ਬੱਦਲ ਵਿਚ ਹੋਵੇਗੀ ਅਤੇ ਮੈਂ ਉਹ ਨੂੰ ਵੇਖਕੇ ਉਸ ਸਦੀਪਕ ਨੇਮ ਨੂੰ ਜਿਹੜਾ ਪਰਮੇਸ਼ੁਰ ਅਰ ਸਾਰੇ ਜੀਉਂਦੇ ਪ੍ਰਾਣੀਆਂ ਦੇ ਸਰੀਰਾਂ ਵਿੱਚ ਜੋ ਧਰਤੀ ਉੱਤੇ ਹਨ ਚੇਤੇ ਕਰਾਂਗਾ (9:11-16; ਜ਼ੋਰ ਦਿੱਤਾ ਗਿਆ ਹੈ)।

ਪੀੜ੍ਹੀਆਂ ਤੋਂ ਬਾਅਦ, ਪਰਮੇਸ਼ੁਰ ਨੇ ਅਬਰਾਹਾਮ ਦੇ ਨਾਲ ਇੱਕ ਨੇਮ ਬੰਨ੍ਹਿਆ। ਇਹ ਅਬਰਾਹਾਮ ਦੇ ਪਰਿਵਾਰ ਦੇ ਉੱਤੇ ਸੁੰਨਤ ਦਾ ਨਿਸ਼ਾਨ ਸੀ, ਜੋ ਇੱਕ ਸਰੀਰਕ ਚਿੰਨ੍ਹ ਸੀ ਕਿ ਉਹ ਪਰਮੇਸ਼ੁਰ ਦੇ ਲੋਕ ਸਨ।

> ਅਤੇ ਮੈਂ ਆਪਣਾ ਨੇਮ ਆਪਣੇ ਅਰ ਤੇਰੀ ਅੰਸ ਦੇ ਵਿੱਚ ਜੋ ਤੇਰੇ ਪਿੱਛੋਂ ਆਵੇਗੀ ਉਨ੍ਹਾਂ ਦੀਆਂ ਪੀੜ੍ਹੀਆਂ ਤੀਕ ਇੱਕ *ਅਨੰਤ ਨੇਮ* ਕਰਕੇ ਬੰਨ੍ਹਾਂਗਾ ਕਿ ਮੈਂ ਤੇਰੇ ਅਰ ਤੇਰੇ ਪਿੱਛੋਂ ਤੇਰੀ ਅੰਸ ਦਾ ਪਰਮੇਸ਼ੁਰ ਹੋਵਾਂਗਾ . . . । ਤੇਰੇ ਘਰਜੰਮ ਦੀ ਅਤੇ ਚਾਂਦੀ ਨਾਲ ਲਏ ਹੋਏ ਦੀ ਸੁੰਨਤ ਜ਼ਰੂਰ ਕੀਤੀ ਜਾਵੇ ਸੋ ਮੇਰਾ ਨੇਮ ਤੁਹਾਡੇ ਮਾਸ ਵਿੱਚ ਇੱਕ *ਅਨੰਤ ਨੇਮ* ਹੋਵੇਗਾ (17:7-13; ਜ਼ੋਰ ਦਿੱਤਾ ਗਿਆ ਹੈ)।

ਵਾਇਦੇ ਦੇ ਪੁੱਤਰ ਦੇ ਦੁਆਰਾ ਪਰਮੇਸ਼ੁਰ ਦਾ ਨੇਮ ਅਬਰਾਹਾਮ ਦੀ ਅੰਸ ਨੂੰ ਦਿੱਤਾ ਜਾਵੇਗਾ:

> ਪਰ ਪਰਮੇਸ਼ੁਰ ਨੇ ਆਖਿਆ, ਸਾਰਾਹ ਤੇਰੀ ਪਤਨੀ ਜ਼ਰੂਰ ਤੇਰੇ ਲਈ ਇੱਕ ਪੁੱਤ੍ਰ ਜਣੇਗੀ ਅਤੇ ਤੂੰ ਉਹ ਦਾ ਨਾਉਂ ਇਸਹਾਕ ਰੱਖੀਂ ਅਤੇ ਮੈਂ ਆਪਣਾ ਨੇਮ ਉਹ ਦੇ ਨਾਲ ਅਰ ਉਹ ਦੇ ਪਿੱਛੋਂ ਉਹ ਦੀ ਅੰਸ ਨਾਲ ਇੱਕ *ਅਨੰਤ ਨੇਮ* ਕਰਕੇ ਕਾਇਮ ਕਰਾਂਗਾ (17:19 ਜ਼ੋਰ ਦਿੱਤਾ ਗਿਆ ਹੈ)।

ਪਰਮੇਸ਼ੁਰ ਦਾ ਵਾਇਦਾ ਕੀਤੇ ਹੋਏ ਦੇਸ ਨੂੰ ਦੇਣ ਦੇ "ਨੇਮ" ਦੀ ਅਬਰਾਹਾਮ ਦੇ ਪੁੱਤਰ ਇਸਹਾਕ ਅਤੇ ਉਸ ਦੇ ਪੋਤੇ ਯਾਕੂਬ ਦੇ ਨਾਲ "ਸਦੀਵੀ ਨੇਮ" ਵਜੋਂ ਪੁਸ਼ਟੀ ਕੀਤੀ (1 ਇਤਹਾਸ 16:16-18; ਜ਼ਬੂਰ 105:9-11)।

ਅਬਰਾਹਾਮ ਦਾ ਪਰਿਵਾਰ ਇੱਕ ਰਾਸ਼ਟਰ ਵਿਚ ਬਦਲ ਗਿਆ, ਜੋ ਇਸਰਾਏਲ ਜਾਤੀ ਹੈ। ਜਦੋਂ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਮਿਸਰ ਦੀ ਗੁਲਾਮੀ ਦੇ ਵਿਚੋਂ ਕੱਢਿਆ, ਤਾਂ ਉਸ ਨੇ ਦਾਅਵਾ ਕੀਤਾ ਕਿ ਉਹ ਉਸ ਦੇ ਆਪਣੇ ਲੋਕ ਹਨ ਅਤੇ, ਮੂਸਾ ਦੇ ਦੁਆਰਾ, ਇੱਕ ਨਵਾਂ ਨੇਮ ਦਿੱਤਾ, ਜਿਸ ਵਿਚ ਇੱਕ ਅਨੋਖਾ ਕਾਨੂਨ ਸੀ। ਉਸ ਕਾਨੂਨ ਦੇ ਇੱਕ ਹਿੱਸੇ ਦੇ ਰੂਪ ਵਿਚ ਉਨ੍ਹਾਂ ਨੂੰ ਸਬਤ ਦੇ ਦਿਨ ਆਰਾਮ ਕਰਨ ਦੀ ਲੋੜ ਸੀ: "ਉਪਰੰਤ ਇਸਰਾਏਲੀ ਸਬਤ ਦੀ ਮਨੌਤ ਕਰਨ

ਅਤੇ ਆਪਣੀਆਂ ਪੀੜ੍ਹੀਆਂ ਤੀਕ ਇੱਕ ਵਿਸਰਾਮ ਦਾ ਦਿਨ ਕਰ ਕੇ ਮੰਨਣ ਕਿਉਂ ਜੋ ਉਹ *ਸਦਾ ਲਈ ਇੱਕ ਨੇਮ* ਹੈ" (ਕੂਚ 31:16; ਜ਼ੋਰ ਦਿੱਤਾ ਗਿਆ ਹੈ)। ਪਰਮੇਸ਼ੁਰ ਨੇ ਜਾਜਕਾਂ ਦੀ ਸੇਵਾ ਅਤੇ ਬਿਵਸਥਾ ਵਿਚ ਸ਼ਾਮਲ ਬਲੀਆਂ ਨੂੰ "ਸਦੀਵੀ-ਨੇਮ" ਵਜੋਂ ਦਰਸਾਇਆ:

> ਇੱਕ ਇੱਕ ਸਬਤ ਨੂੰ, ਉਹ [ਹਾਰੂਨ] ਉਸ ਨੂੰ ਯਹੋਵਾਹ ਦੇ ਅੱਗੇ *ਸਦਾ ਦੇ ਨੇਮ* ਦੇ ਅਨੁਸਾਰ ਲੈਕੇ ਸੁਧਾਰੇ [ਡੇਹਰੇ ਅਤੇ ਉਸ ਦੇ ਕੀਮਤੀ ਪ੍ਰਤੀਕਾਂ ਨੂੰ] (ਲੇਵੀਆਂ 24:8; ਜ਼ੋਰ ਦਿੱਤਾ ਗਿਆ ਹੈ; ਵੇਖੋ ਗਿਣਤੀ 18:19)।

ਬਾਅਦ ਵਿਚ, ਪਰਮੇਸ਼ੁਰ ਨੇ ਦਾਊਦ ਦੇ ਨਾਲ ਇੱਕ ਵਿਸ਼ੇਸ਼ ਨੇਮ ਬੰਨ੍ਹਿਆ, ਉਸ ਨੇ ਉਸ ਦੇ ਨਾਲ ਵਾਇਦਾ ਕੀਤਾ ਕਿ ਉਸ ਦੀ ਅੰਸ ਤੋਂ ਸਿੰਘਾਸਣ ਤੇ ਬੈਠਣ ਵਾਲਿਆਂ ਦੀ ਇੱਕ ਲਾਇਨ ਸਦਾ ਕਾਇਮ ਰਹੇਗੀ। ਆਪਣੀ ਮੌਤ ਦੇ ਸਮੇਂ ਦਾਊਦ ਨੇ ਕਿਹਾ, ". . . ਤਾਂ ਵੀ ਉਹ ਨੇ ਇੱਕ *ਸਦਾ ਦਾ ਨੇਮ* ਮੇਰੇ ਨਾਲ ਕੀਤਾ ਹੈ . . . । ਭਲਾ, ਉਹ ਉਸ ਨੂੰ ਸਫਲ ਨਾ ਕਰੇਗਾ?" (2 ਸਮੂਏਲ 23:5; ਜ਼ੋਰ ਦਿੱਤਾ ਗਿਆ ਹੈ)।

ਨੇਮ ਵਿਚ ਇਸਰਾਏਲ ਦਾ ਹਿੱਸਾ ਇਹ ਸੀ ਕਿ ਉਹ ਪਰਮੇਸ਼ੁਰ ਦੀ ਆਗਿਆਕਾਰੀ ਕਰਨ; ਤਾਂ ਉਸ ਨੇ ਉਨ੍ਹਾਂ ਦਾ ਪਰਮੇਸ਼ੁਰ ਹੋਣਾ ਸੀ ਅਤੇ ਉਨ੍ਹਾਂ ਨੇ ਉਸ ਦੇ ਲੋਕ ਹੋਣਾ ਸੀ। ਉਹ ਸਦਾ ਪਾਲਣ ਕਰਨ ਦੀ ਆਪਣੀ ਜ਼ਿੰਮੇਵਾਰੀ ਵਿਚ ਅਸਫਲ ਹੋ ਜਾਂਦੇ ਸਨ, ਇਸ ਲਈ ਉਨ੍ਹਾਂ ਨੂੰ ਨਬੀਆਂ ਦੇ ਦੁਆਰਾ ਬਾਰ-ਬਾਰ ਚੇਤਾਵਨੀਆਂ ਦਿੱਤੀਆਂ ਜਾਂਦੀਆਂ ਯਾਦ ਦਿਵਾਇਆ ਜਾਂਦਾ ਸੀ:

> ਧਰਤੀ ਆਪਣੇ ਵਾਸੀਆਂ ਹੇਠ ਪਲੀਤ ਹੋਈ ਹੈ, ਕਿਉਂ ਜੋ ਓਹਨਾਂ ਨੇ ਬਿਵਸਥਾ ਦਾ ਉਲੰਘਣ ਕੀਤਾ, ਓਹਨਾਂ ਨੇ ਬਿਧੀਆਂ ਨੂੰ ਤੋੜ ਸੁੱਟਿਆ, ਓਹਨਾਂ ਨੇ *ਸਦੀਪਕ ਨੇਮ* ਨੂੰ ਭੰਨ ਛੱਡਿਆ (ਯਸਾਯਾਹ 24:5; ਜ਼ੋਰ ਦਿੱਤਾ ਗਿਆ ਹੈ)।

> ਕੰਨ ਲਾਓ ਅਰ ਮੇਰੀ ਵੱਲ ਆਓ, ਸੁਣੋ ਤੇ ਤੁਹਾਡੀ ਜਾਨ ਜੀਉਂਦੀ ਰਹੇਗੀ, ਅਤੇ ਮੈਂ ਤੁਹਾਡੇ ਨਾਲ ਇੱਕ *ਅਨੰਤ ਨੇਮ* ਬੰਨ੍ਹਾਂਗਾ, ਅਰਥਾਤ ਦਾਊਦ ਦੀਆਂ ਸੱਚੀਆਂ ਦਿਆਲਗੀਆਂ ਦਾ (ਯਸਾਯਾਹ 55:3; ਜ਼ੋਰ ਦਿੱਤਾ ਗਿਆ ਹੈ)।

> ਮੈਂ ਯਹੋਵਾਹ ਇਨਸਾਫ਼ ਨੂੰ ਤਾਂ ਪਿਆਰ ਕਰਦਾ ਹਾਂ, ਲੁੱਟ ਤੋਂ ਬੁਰਿਆਈ ਸਣੇ ਘਿਣ ਕਰਦਾ ਹਾਂ, ਮੈਂ ਓਹਨਾਂ ਦੇ ਨਾਲ ਇੱਕ *ਅਨੰਤ ਨੇਮ* ਬੰਨ੍ਹਾਂਗਾ (ਯਸਾਯਾਹ 61:8; ਜ਼ੋਰ ਦਿੱਤਾ ਗਿਆ ਹੈ)।

> ਮੈਂ ਓਹਨਾਂ ਨਾਲ ਇੱਕ *ਸਦਾ ਦਾ ਨੇਮ* ਬੰਨ੍ਹਾਂਗਾ ਅਤੇ ਮੈਂ ਓਹਨਾਂ ਦਾ ਭਲਾ ਕਰਨ ਤੋਂ ਨਾ ਹਟਾਂਗਾ ਅਤੇ ਮੈਂ ਆਪਣਾ ਭੈ ਓਹਨਾਂ ਦੇ ਦਿਲ ਵਿੱਚ ਪਾਵਾਂਗਾ ਭਈ ਓਹ ਫੇਰ ਮੈਥੋਂ ਫਿਰ ਨਾ ਜਾਣ (ਯਿਰਮਿਯਾਹ 32:40; ਜ਼ੋਰ ਦਿੱਤਾ ਗਿਆ ਹੈ)।

> ਓਹ ਆਪਣਿਆਂ ਮੂੰਹਾਂ ਨੂੰ ਉੱਧਰ ਕਰ ਕੇ ਸੀਯੋਨ ਦਾ ਰਾਹ ਪੁੱਛਣਗੇ ਕਿ ਆਓ, ਅਸੀਂ ਯਹੋਵਾਹ ਨਾਲ ਮਿਲ ਕੇ ਇੱਕ *ਸਦੀਪ ਕਾਲ ਦਾ ਨੇਮ* ਬੰਨ੍ਹੀਏ ਜਿਹੜਾ ਵਿਸਾਰਿਆ ਨਾ ਜਾਵੇਗਾ (ਯਿਰਮਿਯਾਹ 50:5; ਜ਼ੋਰ ਦਿੱਤਾ ਗਿਆ ਹੈ)।

> ਤਾਂ ਵੀ ਮੈਂ ਆਪਣੇ ਉਸ ਨੇਮ ਨੂੰ ਜੋ ਤੇਰੀ ਜੁਆਨੀ ਦੇ ਦਿਨਾਂ ਵਿੱਚ ਤੇਰੇ ਨਾਲ ਸੀ ਚੇਤੇ ਰੱਖਾਂਗਾ ਅਤੇ *ਸਦਾ ਦਾ ਨੇਮ* ਤੇਰੇ ਨਾਲ ਕਾਇਮ ਕਰਾਂਗਾ (ਹਿਜ਼ਕੀਏਲ 16:60; ਜ਼ੋਰ ਦਿੱਤਾ ਗਿਆ ਹੈ)।

> ਅਤੇ ਮੈਂ ਉਨ੍ਹਾਂ ਦੇ ਨਾਲ ਸ਼ਾਂਤੀ ਦਾ ਨੇਮ ਅਰਥਾਤ *ਸਦਾ ਦਾ ਨੇਮ* ਬੰਨ੍ਹਾਗਾ ਅਤੇ ਮੈਂ ਉਨ੍ਹਾਂ ਨੂੰ

ਵਸਾਵਾਂਗਾ ਅਤੇ ਉਨ੍ਹਾਂ ਨੂੰ ਵਧਾਵਾਂਗਾ ਅਤੇ ਉਨ੍ਹਾਂ ਦੇ ਵਿਚਕਾਰ ਆਪਣੇ ਪਵਿੱਤਰ ਅਸਥਾਨ ਨੂੰ ਸਦਾ ਲਈ ਕਾਇਮ ਕਰਾਂਗਾ (ਹਿਜ਼ਕੀਏਲ 37:26; ਜ਼ੋਰ ਦਿੱਤਾ ਗਿਆ ਹੈ)।

*ਓਲਾਮ* ਸ਼ਬਦ ਦਾ ਥੋੜਾ ਵੇਰਵਾ ਦਿੱਤਾ ਜਾਣਾ ਜ਼ਰੂਰੀ ਹੈ, ਕਿਉਂਕਿ ਪੁਰਾਣੇ ਨੇਮ ਵਿੱਚ ਇਸ ਦੀ ਵਰਤੋਂ ਕਾਫੀ ਮਾਤਰਾ ਵਿੱਚ ਹੋਈ ਹੈ ਅਤੇ ਵੱਖ-ਵੱਖ ਸੰਦਰਭਾਂ ਵਿੱਚ ਇਸ ਦੇ ਅਰਥ ਵੱਖ-ਵੱਖ ਹਨ।[29] ਜਦ ਯਹੋਵਾਹ ਅਤੇ ਉਸ ਦੇ ਗੁਣਾਂ ਦੇ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਸ ਦਾ ਅਰਥ "ਸਦਾਕਾਲ" ਜਾਂ "ਸਦੀਪਕਤਾ" ਹੁੰਦਾ ਹੈ ਕਿਉਂਕਿ ਇਹ ਉਸ ਦੇ ਸਦੀਪਕ ਸੁਭਾਉ ਅਤੇ ਗੁਣਾਂ ਉੱਤੇ ਜ਼ੋਰ ਦਿੰਦਾ ਹੈ (21:33; ਬਿਵਸਥਾ ਸਾਰ 32:40; ਜ਼ਬੂਰਾਂ 90:2; 145:13; ਯਸਾਯਾਹ 40:28; ਦਾਨੀਏਲ 12:7)। ਪਰ ਫਿਰ ਵੀ ਇਸ ਦਾ ਅਰਥ ਹਮੇਸ਼ਾ "ਸਦਾਕਾਲ" ਨਹੀਂ ਹੋ ਸਕਦਾ।

ਉਤਪਤ ਦੀ ਪੁਸਤਕ ਦੇ ਅਰੰਭ ਵਿੱਚ ਹੀ ਇਸ ਮਹੱਤਵਪੂਰਣ ਸ਼ਬਦ ਦੀ ਸਾਡੇ ਨਾਲ ਜਾਣ-ਪਛਾਣ ਕਰਵਾਈ ਗਈ ਹੈ, ਜੋ ਮਨੁੱਖ ਦੇ ਜੀਵਨਕਾਲ ਦੇ ਸੰਦਰਭ ਵਿੱਚ ਹੈ, ਜਿਹੜਾ "ਸਦਾ" ਲਈ ਨਹੀਂ ਹੋਣਾ ਸੀ (3:22; 6:3)। ਬਾਅਦ ਵਿੱਚ ਮਨੁੱਖ ਦੇ ਜੀਵਨਕਾਲ ਬਾਰੇ ਗੱਲ ਕਰਦਿਆਂ, ਹਾਲਾਂਕਿ *ਓਲਾਮ* ਸ਼ਬਦ ਦਾ ਅਨੁਵਾਦ "ਸਦਾ" ਕੀਤਾ ਗਿਆ ਹੈ, ਤਾਂ ਵੀ ਇਸ ਦੀ ਵਰਤੋਂ ਇੱਕ ਅਲੰਕਾਰ ਵਜੋਂ ਕੀਤੀ ਗਈ ਹੈ। ਇਸ ਦਾ ਭਾਵ ਕਿਸੇ ਵਿਅਕਤੀ ਨੂੰ ਨਿਮਰਤਾ ਨਾਲ ਕੀਤੇ ਜਾਣ ਵਾਲੇ ਨਮਸਕਾਰ ਤੋਂ ਸੀ। ਜਦ ਬਥ-ਸ਼ਬਾ ਆਪਣੇ ਬਜ਼ੁਰਗ ਪਤੀ ਦੇ ਬਿਸਤਰੇ ਨੇੜੇ ਆਈ ਤਾਂ ਉਸ ਨੇ ਆਖਿਆ, "ਮੇਰਾ ਮਾਲਕ ਪਾਤਸ਼ਾਹ ਦਾਊਦ ਸਦਾ ਤੀਕ ਜੀਉਂਦਾ ਰਹੇ" (1 ਰਾਜਿਆਂ 1:31), ਜੋ ਉਸ ਦੀ ਇਸ ਇੱਛਾ ਨੂੰ ਦਰਸਾਉਂਦਾ ਹੈ ਕਿ ਉਸ ਨੂੰ ਲੰਮੀ ਉਮਰ ਦੀ ਅਸੀਸ ਮਿਲੇ। ਨਹਮਯਾਹ ਨੇ ਵੀ ਫਾਰਸ ਦੇ ਰਾਜਾ ਅਰਤਹਸ਼ਸ਼ਤਾ ਨੂੰ ਇਸੇ ਤਰ੍ਹਾਂ ਦਾ ਨਮਸਕਾਰ ਆਖਿਆ ਸੀ (ਨਹਮਯਾਹ 2:3)।

ਇਸ ਦੇ ਉਲਟ ਜਦ ਯਰੂਸ਼ਲਮ ਜਾਂ ਸੂਰ ਵਰਗੇ ਨਗਰਾਂ ਉੱਤੇ ਪਰਮੇਸ਼ੁਰ ਵੱਲੋਂ ਸਰਾਪ ਬੋਲੇ ਗਏ ਸਨ ਕਿ ਉਹ "ਸਦਾ ਲਈ" ਉੱਜੜ ਜਾਣਗੇ ਜਾਂ ਉਨ੍ਹਾਂ ਦੀ ਮੁੜ ਉਸਾਰੀ "ਦੁਬਾਰਾ ਕਦੇ ਨਹੀਂ" ਕੀਤੀ ਜਾਵੇਗਾ (ਯਸਾਯਾਹ 32:14; ਹਿਜ਼ਕੀਏਲ 26:21; 27:36; 28:19), ਤਾਂ ਉੱਥੇ *ਓਲਾਮ* ਦਾ ਅਰਥ ਇੱਕ ਲੰਮਾ ਸਮਾਂ ਹੈ। ਬਾਅਦ ਵਿੱਚ ਇਹ ਦੋਵੇਂ ਨਗਰ ਮੁੜ ਵਸਾਏ ਗਏ ਸਨ ਅਤੇ ਅੱਜ ਵੀ ਖੜੇ ਹਨ।

ਜ਼ਬੂਰਕਾਰ ਨੇ ਆਖਿਆ ਕਿ ਪਰਮੇਸ਼ੁਰ ਨੇ ਇਸ ਭੌਤਿਕ ਧਰਤੀ ਨੂੰ ਉਸ ਦੀ "ਨੀਂਹ ਉੱਤੇ ਕਾਇਮ ਕੀਤਾ, ਭਈ ਉਹ ਸਦਾ [*ਓਲਾਮ*] ਤੀਕ ਅਟੱਲ ਰਹੇ ['ਕਦੇ ਹਿਲਾਈ ਨਾ ਜਾਵੇ'; NRSV]" (ਜ਼ਬੂਰ 104:5)। ਧਰਤੀ ਭਵਿੱਖ ਵਿੱਚ ਅਨਿਸ਼ਚਿਤ ਕਾਲ ਲਈ ਅਰਥਾਤ ਲੰਮੇ ਸਮੇਂ ਲਈ ਕਾਇਮ ਰਹੇਗੀ; ਇਹ ਆਪਣੀ ਨਿਰਧਾਰਿਤ ਉਮਰ ਪੂਰੀ ਕਰੇਗੀ, ਪਰ ਸਦੀਪਕ ਕਾਲ ਲਈ ਸਥਿਰ ਨਹੀਂ ਰਹੇਗੀ। ਨਵਾਂ ਨੇਮ ਆਖਦਾ ਹੈ ਕਿ ਪ੍ਰਭੂ ਦੇ ਆਉਣ ਦਾ "ਕਰਾਰ" ਇਸ ਯੁੱਗ ਦੇ ਅੰਤ ਵੇਲੇ ਪੂਰਾ ਹੋਵੇਗਾ (2 ਪਤਰਸ 3:4)। ਤਦ ਇਹ "ਧਰਤੀ" ਅਤੇ ਭੌਤਿਕ ਸੰਸਾਰ "ਸਾੜੇ" ਜਾਣਗੇ ਅਤੇ "ਨਾਸ" ਹੋਣਗੇ; ਇਹ ਸਾਰੀਆਂ ਵਸਤਾਂ "ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ" (2 ਪਤਰਸ 3:7, 10-12)। ਇਸ ਤੋਂ ਬਾਅਦ "ਅਕਾਸ਼ ਅਤੇ ਧਰਤੀ ਟਲ ਜਾਣਗੇ" (ਮੱਤੀ 24:35) ਅਤੇ "ਨਵਾਂ ਅਕਾਸ਼" ਅਤੇ "ਨਵੀਂ ਧਰਤੀ" ਪਰਗਟ ਹੋਣਗੇ ਜੋ ਛੁਡਾਏ ਗਏ ਲੋਕਾਂ ਦਾ ਸਦੀਵੀ ਨਿਵਾਸ ਹੋਣਗੇ (ਪਰਕਾਸ਼ 21:1, 10; 22:19; ਵੇਖੋ 2 ਪਤਰਸ 3:13)। ਇਸ ਕਰਕੇ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਪਰਮੇਸ਼ੁਰ ਵੱਲੋਂ ਨੂਹ ਨਾਲ ਉਤਪਤ 9:16 ਵਿੱਚ ਬੰਨ੍ਹਿਆ ਗਿਆ "ਸਦੀਪਕ [*ਓਲਾਮ*] ਨੇਮ" ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਧਰਤੀ ਕਾਇਮ

ਰਹੇਗੀ।

*ਓਲਾਮ* ਦਾ ਅਨੁਵਾਦ “ਸਦਾ ਕਾਲ” ਜਾਂ “ਸਦੀਪਕ ਕਾਲ” ਵਜੋਂ ਕੀਤੇ ਜਾਣ ਦੇ ਕਾਰਣ ਕਈ ਲੋਕਾਂ ਨੇ ਇਹ ਗਲਤ ਸਿੱਟਾ ਕੱਢ ਲਿਆ ਹੈ ਕਿ ਉਤਪਤ 13:15 ਦੇ ਅਧਾਰ ’ਤੇ ਪਰਮੇਸ਼ੁਰ ਵੱਲੋਂ ਅਬਰਾਹਾਮ ਦੀ ਅੰਸ (ਯਹੂਦੀਆਂ) ਨੂੰ ਕਨਾਨ ਦੇਸ ਦਿੱਤੇ ਜਾਣ ਦੀ ਪ੍ਰਤਿੱਗਿਆ *ਸਦਾਕਾਲ* ਦੀ ਹੈ। ਇਸ ਸੰਦਰਭ ਵਿੱਚ ਇਸ ਦਾ ਬਿਹਤਰ ਅਨੁਵਾਦ “ਲੰਮਾ ਸਮਾਂ” ਜਾਂ “ਨਿਰਧਾਰਿਤ ਸਮਾਂ” ਹੋ ਸਕਦਾ ਹੈ, ਜੋ ਸਮੇਂ ਦੀ ਮਿਆਦ ਨੂੰ ਅਨਿਸ਼ਚਿਤ ਕਰ ਦਿੰਦਾ ਹੈ। ਪੁਰਾਣੇ ਨੇਮ ਦੇ ਸਮੇਂ ਦੇ ਦੌਰਾਨ ਪ੍ਰਤਿੱਗਿਆ ਕੀਤੇ ਦੇਸ ਉੱਤੇ ਇਸਰਾਏਲ ਦਾ ਕਬਜ਼ਾ ਉਨ੍ਹਾਂ ਵੱਲੋਂ ਕੀਤੀ ਜਾਣ ਵਾਲੀ ਪ੍ਰਭੂ ਦੀ ਆਗਿਆਕਾਰੀ ਉੱਤੇ ਨਿਰਭਰ ਕਰਦਾ ਸੀ। ਇੱਕ ਤੋਂ ਵਧੇਰੇ ਵਾਰ ਪਰਮੇਸ਼ੁਰ ਨੇ ਆਪਣੀ ਪਰਜਾ ਦੇ ਵਿਦ੍ਰੋਹ ਦੇ ਕਾਰਣ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ ਵਿੱਚੋਂ ਕੱਢ ਦਿੱਤਾ ਸੀ। ਪਰਮੇਸ਼ੁਰ ਵੱਲੋਂ ਅਬਰਾਹਾਮ ਅਤੇ ਮੂਸਾ ਨਾਲ ਸਥਾਪਿਤ ਕੀਤੇ ਗਏ ਨੇਮ ਹੁਣ ਖਤਮ ਹੋ ਚੁੱਕੇ ਹਨ। ਮਸੀਹ ਵਿੱਚ ਉਨ੍ਹਾਂ ਦੀ ਪੂਰਤੀ ਹੋ ਚੁੱਕੀ ਹੈ, ਜਿਸ ਨੇ ਆਪਣੇ ਨਵੇਂ ਨੇਮ ਨੂੰ ਸਥਾਪਿਤ ਕਰ ਦਿੱਤਾ ਹੈ (ਗਲਾਤੀਆਂ 3:8-29; ਇਬਰਾਨੀਆਂ 8:13)।

ਸ਼ਰਾ ਵਿੱਚ ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਹਿਦਾਇਤ ਦਿੱਤੀ ਸੀ, “ਕੋਈ ਅੰਮੋਨੀ, ਕੋਈ ਮੋਆਬੀ ਯਹੋਵਾਹ ਦੀ ਸਭਾ ਵਿੱਚ ਨਾ ਵੜੇ ਸਗੋਂ ਉਨ੍ਹਾਂ ਵਿੱਚੋਂ ਕੋਈ ਵੀ ਦਸਵੀਂ ਪੀੜ੍ਹੀ ਤੀਕ ਸਦਾ [*ਓਲਾਮ*] ਲਈ ਯਹੋਵਾਹ ਦੀ ਸਭਾ ਵਿੱਚ ਨਾ ਵੜੇ” (ਬਿਵਸਥਾ ਸਾਰ 23:3)। ਸਪੱਸ਼ਟ ਤੌਰ ’ਤੇ ਇੱਥੇ *ਓਲਾਮ* ਇੱਕ ਲੰਮੇ ਸਮੇਂ ਨੂੰ ਦਰਸਾਉਂਦਾ ਹੈ (ਦਸ ਪੀੜ੍ਹੀਆਂ) – ਪਰ ਸ਼ਾਬਦਿਕ ਤੌਰ ’ਤੇ “ਸਦਾਕਾਲ” ਨਹੀਂ, ਹਾਲਾਂਕਿ ਇਸ ਦਾ ਅਨੁਵਾਦ ਉਸ ਤਰ੍ਹਾਂ ਕੀਤਾ ਗਿਆ ਹੈ। ਜੇਕਰ ਇਸ ਦਾ ਅਸਲ ਅਰਥ ਸੱਚਮੁੱਚ “ਸਦਾਕਾਲ” ਹੁੰਦਾ, ਤਾਂ ਦਾਊਦ ਨੂੰ “ਯਹੋਵਾਹ ਦੀ ਸਭਾ ਵਿੱਚ” ਸ਼ਾਮਿਲ ਕੀਤਾ ਹੀ ਨਹੀਂ ਜਾ ਸਕਦਾ ਸੀ ਕਿਉਂਕਿ ਉਹ ਰੂਥ ਅਤੇ ਬੋਅਜ਼ ਦੇ ਮੋਆਬੀ-ਇਸਰਾਏਲੀ ਵਿਆਹ ਤੋਂ ਪੈਦਾ ਹੋਈ ਅੰਸ ਵਿੱਚੋਂ ਸੀ (ਰੂਥ 4:10-22)।

*ਓਲਾਮ* ਸ਼ਬਦ ਦੀ ਪਰਿਭਾਸ਼ਾ ਕਦੇ-ਕਦੇ ਸੰਦਰਭ ਦੇ ਅਨੁਸਾਰ ਨਿਰਧਾਰਿਤ ਹੁੰਦੀ ਹੈ, ਜਿਵੇਂ ਕਿ ਸਮੂਏਲ ਦੀ ਮਾਤਾ ਹੰਨਾਹ ਦੀ ਕਥਾ ਵਿੱਚ। ਉਸ ਨੇ ਪੁੱਤਰ ਦੀ ਪ੍ਰਾਪਤੀ ਲਈ ਬੜੇ ਦਿਲੋਂ ਪ੍ਰਾਰਥਨਾ ਕੀਤੀ ਅਤੇ ਵਾਇਦਾ ਕੀਤਾ ਕਿ “ਮੈਂ ਉਹ ਯਹੋਵਾਹ ਨੂੰ ਜਿੰਨਾ ਚਿਰ ਉਹ ਜੀਉਂਦਾ ਰਹੇ ਦੇ ਦਿਆਂਗੀ” (1 ਸਮੂਏਲ 1:11)। ਪੁੱਤਰ ਦਾ ਜਨਮ ਹੋਣ ਮਗਰੋਂ ਉਸ ਨੇ ਵਾਇਦਾ ਕੀਤਾ ਕਿ ਮੁੰਡੇ ਦਾ ਦੁੱਧ ਛੁਡਾਏ ਜਾਣ ਤੋਂ ਬਾਅਦ ਉਹ ਉਸ ਨੂੰ ਪਰਮੇਸ਼ੁਰ ਦੇ ਭਵਨ ਵਿੱਚ ਲੈ ਜਾਵੇਗੀ ਤਾਂ ਜੋ ਉਹ “ਯਹੋਵਾਹ ਦੇ ਸਾਹਮਣੇ ਆ ਜਾਵੇ ਤਾਂ ਫੇਰ ਸਦਾ [*ਓਲਾਮ*] ਉੱਥੇ ਹੀ ਰਹੇ” (1 ਸਮੂਏਲ 1:22)। ਸਮਾਂ ਪੂਰਾ ਹੋਣ ’ਤੇ ਉਹ ਆਪਣੇ ਪੁੱਤਰ ਨੂੰ ਏਲੀ ਜਾਜਕ ਦੇ ਕੋਲ ਲੈ ਆਈ ਅਤੇ ਆਖਿਆ, “ਮੈਂ ਵੀ ਏਹ ਯਹੋਵਾਹ ਨੂੰ ਦੇ ਦਿੱਤਾ ਹੈ। ਜਿੰਨਾ ਚਿਰ ਉਹ ਜੀਉਂਦਾ ਹੈ ਯਹੋਵਾਹ ਦਾ ਦਿੱਤਾ ਹੋਇਆ ਰਹੇ” (1 ਸਮੂਏਲ 1:28)। ਲਿਖਤ *ਓਲਾਮ* ਦੀ ਵਿਆਖਿਆ “ਜਿੰਨਾ ਚਿਰ ਉਹ ਜੀਂਉਦਾ ਹੈ” ਜਾਂ ਉਸ ਦੇ ਜੀਵਨਭਰ ਵਜੋਂ ਕਰਦੀ ਹੈ।

ਸੰਦਰਭ ਦੇ ਅਧਾਰ ’ਤੇ ਪਰਿਭਾਸ਼ਾ ਨਿਰਧਾਰਿਤ ਹੋਣ ਦਾ ਇੱਕ ਹੋਰ ਉਦਾਹਰਣ ਯੂਨਾਹ ਦੀ ਕਥਾ ਵਿੱਚ ਮਿਲਦਾ ਹੈ, ਜਿਸ ਨੇ ਨੀਨਵਾਹ ਦੇ ਦੁਸ਼ਟ ਮੂਰਤੀ-ਪੂਜਕ ਲੋਕਾਂ ਵਿੱਚ ਜਾ ਕੇ ਪ੍ਰਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਉਲਟੀ ਦਿਸ਼ਾ ਵਿੱਚ ਜਾ ਰਹੇ ਜਹਾਜ਼ ਵਿੱਚ ਸਵਾਰ ਹੋ ਗਿਆ ਸੀ। ਜਦ ਇੱਕ ਭਿਆਣਕ ਤੁਫਾਨ ਦੇ ਕਾਰਣ ਜਹਾਜ਼ ਲਗਭਗ ਡੁੱਬ ਹੀ ਚੱਲਾ ਸੀ, ਤਦ ਯੂਨਾਹ ਨੂੰ ਸਮੁੰਦਰ ਵਿੱਚ ਸੁੱਟ ਦਿੱਤਾ ਗਿਆ ਅਤੇ ਇੱਕ ਵਿਸ਼ਾਲ ਜਲ-ਜੰਤੂ ਨੇ ਉਸ ਨੂੰ ਨਿਗਲ ਲਿਆ। ਜਦ ਬਾਅਦ ਵਿੱਚ ਯੂਨਾਹ ਨੇ ਬਿਆਨ ਕੀਤਾ ਕਿ ਕਿਵੇਂ ਸਾਗਰੀ ਜਾਲਾ ਉਸ ਦੇ ਸਿਰ ਉੱਤੇ ਵਲੇਟਿਆ ਗਿਆ ਸੀ ਤਾਂ ਉਸ ਨੇ ਆਖਿਆ, “ਧਰਤੀ ਦੇ ਅਰਲਾਂ ਨੇ ਸਦਾ [*ਓਲਾਮ*]

ਦੇ ਲਈ ਮੈਨੂੰ ਢੱਕ ਛੱਡਿਆ, – ਪਰ ਹੇ ਯਹੋਵਾਹ ਮੇਰੇ ਪਰਮੇਸ਼ੁਰ, ਤੈਂ ਮੇਰੀ ਜਾਨ ਨੂੰ ਭੋਹਰੇ ਵਿੱਚੋਂ ਉਤਾਹਾਂ ਲਿਆਂਦਾ" (ਯੂਨਾਹ 2:5, 6)। ਹਾਲਾਂਕਿ ਯੂਨਾਹ ਨੇ ਉਸ ਜਲ-ਜੰਤੂ ਦੇ ਪੇਟ ਵਿਚਲੇ ਆਪਣੇ ਸਮੇਂ ਨੂੰ "ਸਦਾ ਦੇ ਲਈ" ਆਖਿਆ, ਤਾਂ ਵੀ ਇਸ ਲਿਖਤ ਦਾ ਲੇਖਕ ਪਰਗਟ ਕਰਦਾ ਹੈ ਕਿ ਇਸ ਸਮਾਂ ਸਿਰਫ "ਤਿੰਨ ਦਿਨ ਅਤੇ ਤਿੰਨ ਰਾਤਾਂ" ਦਾ ਸੀ (ਯੂਨਾਹ 1:17; ਵੇਖੋ ਮੱਤੀ 12:39-41)।

ਇਹ ਉਦਾਹਰਣ ਦਰਸਾਉਂਦੇ ਹਨ ਕਿ "ਸਦੀਪਕ ਕਾਲ" ਜਾਂ "ਸਦਾ ਕਾਲ" (*ਓਲਾਮ*) ਵਰਗੇ ਸ਼ਬਦਾਂ ਦਾ ਅਰਥ ਸੰਦਰਭ ਦੇ ਅਧਾਰ 'ਤੇ ਕੱਢਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇਹ ਵੀ ਪਤਾ ਚੱਲਦਾ ਹੈ ਕਿ ਪਰਮੇਸ਼ੁਰ ਦਾ ਨੇਮ ਅਕਸਰ ਮਨੁੱਖ ਦੀ ਆਗਿਆਕਾਰੀ ਉੱਤੇ ਨਿਰਭਰ ਕਰਦਾ ਹੈ।

### ਮਧ ਪੀਣਾ ਅਤੇ ਪੀ ਕੇ ਖੀਵਾ ਹੋ ਜਾਣਾ (9:20, 21)

ਬਾਈਬਲ ਮਧ ਪੀਣ ਬਾਰੇ ਪੂਰੀ ਤਰ੍ਹਾਂ ਮਨਾਹੀ ਕਿਤੇ ਵੀ ਨਹੀਂ ਕਰਦੀ। ਅਜਿਹਾ ਜਾਪਦਾ ਹੈ ਕਿ ਪੁਰਾਤਨ ਸਮੇਂ ਵਿੱਚ ਮਧ ਆਮ ਤੌਰ 'ਤੇ ਪੀਤਾ ਜਾਣ ਵਾਲਾ ਇੱਕ ਪਦਾਰਥ ਹੁੰਦਾ ਸੀ। ਜ਼ਬੂਰਕਾਰ ਨੇ ਸਾਗ-ਪੱਤ, ਭੋਜਨ (ਰੋਟੀ) ਅਤੇ ਮਧ ਨੂੰ ਪਰਮੇਸ਼ੁਰ ਵੱਲੋਂ ਮਨੁੱਖਜਾਤੀ ਨੂੰ ਦਿੱਤੇ ਗਏ ਤੋਹਫੇ ਵਜੋਂ ਵੇਖਿਆ ਅਤੇ ਆਖਿਆ ਕਿ ਮਧ ਨੂੰ ਤਾਂ "ਇਨਸਾਨ ਦੀ ਸੇਵਾ ਲਈ" (ਜ਼ਬੂਰ 104:14, 15; ਵੇਖੋ ਉਪਦੇਸ਼ਕ 9:7; ਜ਼ਕਰਯਾਹ 10:7) ਬਣਾਇਆ ਗਿਆ ਸੀ। ਉਪਦੇਸ਼ਕ ਨੇ ਤਾਂ ਇਹ ਵੀ ਆਖਿਆ ਕਿ ਉਸ ਵਿਅਕਤੀ ਨੂੰ ਮਧ ਪਿਆਈ ਜਾਣੀ ਚਾਹੀਦੀ ਹੈ ਜਿਸ ਦਾ ਜੀਵਨ ਔਖਿਆਈਆਂ ਭਰਿਆ ਅਤੇ ਮਨ ਕੌੜਾ ਹੈ ਤਾਂ ਜੋ ਉਹ ਪੀ ਕੇ ਆਪਣੀ ਤੰਗੀ ਨੂੰ ਭੁੱਲ ਜਾਵੇ (ਕਹਾਉਤਾਂ 31:6, 7)। ਮੂਸਾ ਦੀ ਸ਼ਰਾ ਹੇਠ ਹਰੇਕ ਹੋਮਬਲੀ ਅਤੇ ਮੇਲਬਲੀ ਦੇ ਨਾਲ ਮਧ ਜ਼ਰੂਰ ਚੜ੍ਹਾਈ ਜਾਂਦੀ ਸੀ (ਗਿਣਤੀ 15:5-10) ਅਤੇ ਪਰਜਾ ਨੂੰ ਆਖਿਆ ਜਾਂਦਾ ਸੀ ਕਿ ਉਹ ਅਰਾਧਨਾ ਦੇ ਸਥਾਨ 'ਤੇ, ਜਿਹੜਾ ਯਹੋਵਾਹ ਆਪਣਾ ਨਾਮ ਧਰਨ ਲਈ ਚੁਣੇਗਾ, ਜਾ ਕੇ ਪਰਬ ਮਨਾਉਣ ਲਈ ਮਧ ਖਰੀਦਣ ਅਤੇ ਪੀਣ (ਬਿਵਸਥਾ ਸਾਰ 14:24-26)।

ਪੀ ਕੇ ਖੀਵਾ ਹੋ ਜਾਣ ਦੇ ਡਰ ਤੋਂ ਬਾਈਬਲ ਦੇ ਕਈ ਲੇਖਕਾਂ ਨੇ ਲੋੜ ਤੋਂ ਵਧੇਰੇ ਪੀਣ ਦੇ ਵਿਰੁੱਧ ਚਿਤਾਉਣੀ ਵੀ ਦਿੱਤੀ (ਕਹਾਉਤਾਂ 20:1; 21:17; 23:29-35; 31:4, 5; ਯਸਾਯਾਹ 5:11, 12; ਹਬੱਕੂਕ 2:5)। ਬਾਈਬਲ ਦੇ ਕੁਝ ਹਿੱਸਿਆਂ ਵਿੱਚ ਸ਼ਰਾਬ ਨੂੰ ਲੁੱਚਪੁਣੇ ਅਤੇ ਹਰਾਮਕਾਰੀ ਨਾਲ ਜੋੜਿਆ ਗਿਆ ਹੈ (ਉਤਪਤ 19:30-38; ਹੋਸ਼ੇਆ 4:11, 12)। ਨਵੇਂ ਨੇਮ ਦੇ ਸਮਿਆਂ ਦੇ ਦੌਰਾਨ ਪੌਲੁਸ ਪੀ ਕੇ ਖੀਵਾ ਹੋ ਜਾਣ ਦੇ ਖਤਰਿਆਂ ਨੂੰ ਜਾਣਦਾ ਸੀ। ਯੂਨਾਨੀ-ਰੋਮੀ ਸੰਸਾਰ ਵਿੱਚ ਸ਼ਰਾਬ ਪੀ ਕੇ ਸਾਮੂਹਿਕ ਤੌਰ 'ਤੇ ਅੱਯਾਸ਼ੀਆਂ ਕਰਨਾ ਮੂਰਤੀ-ਪੂਜਕ ਮੰਦਰਾਂ ਵਿੱਚ ਕੀਤੀ ਜਾਣ ਵਾਲੀ ਪੂਜਾ ਦਾ ਇੱਕ ਹਿੱਸਾ ਹੋਇਆ ਕਰਦਾ ਸੀ ਅਤੇ ਪੌਲੁਸ ਨੇ ਇਸ ਨੂੰ ਸਰੀਰ ਦਾ ਕੰਮ ਆਖਿਆ ਜਿਹੜਾ ਪਰਮੇਸ਼ੁਰ ਦੇ ਰਾਜ ਵਿੱਚ ਮਨੁੱਖ ਦੀ ਸਦੀਪਕ ਮੀਰਾਸ ਨੂੰ ਖਤਰੇ ਵਿੱਚ ਪਾ ਦਿੰਦਾ ਹੈ (1 ਕੁਰਿੰਥੀਆਂ 6:9, 10; ਗਲਾਤੀਆਂ 5:19-21)।

ਪਰ ਫਿਰ ਵੀ ਪੌਲੁਸ ਨੇ ਮਧ ਨੂੰ ਪੂਰੀ ਤਰ੍ਹਾਂ ਛੱਡ ਦੇਣ ਅਤੇ ਮਧ ਪੀਣ ਲਈ ਪੂਰੀ ਖੁੱਲ੍ਹ ਦਾ ਵਿਚਲਾ ਰਾਹ ਫੜਿਆ। ਉਸ ਨੇ ਉਨ੍ਹਾਂ ਮਸੀਹੀ ਲੋਕਾਂ ਦਾ ਸਾਥ ਨਹੀਂ ਦਿੱਤਾ ਜਿਹੜੇ ਮਾਸ ਖਾਣ ਅਤੇ ਮਧ ਪੀਣ ਵਾਲੇ ਭਾਈਆਂ ਦਾ ਨਿਆਉਂ ਕਰਨ ਲਈ ਬੈਠ ਜਾਂਦੇ ਹਨ, ਸਗੋਂ ਉਸ ਨੇ ਆਖਿਆ ਕਿ "ਪਰਮੇਸ਼ੁਰ ਦਾ ਰਾਜ ਖਾਣਾ ਪੀਣਾ ਨਹੀਂ ਸਗੋਂ ਪਵਿੱਤਰ ਆਤਮਾ ਵਿੱਚ ਸ਼ਾਂਤੀ ਅਤੇ ਅਨੰਦ ਹੈ" (ਰੋਮੀਆਂ 14:17)। ਪਰ ਨਾਲ ਹੀ ਉਸ ਨੇ ਇਹ ਚਿਤਾਉਣੀ ਵੀ ਦਿੱਤੀ ਕਿ ਪਰਮੇਸ਼ੁਰ ਦੇ ਲੋਕਾਂ ਨੂੰ ਆਪਣੇ ਭਾਈਆਂ ਦੇ ਵਿਵੇਕ ਬਾਰੇ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਅਤੇ ਸਭਕੁਝ ਪ੍ਰੇਮ

ਵਿੱਚ ਕਰਨਾ ਚਾਹੀਦਾ ਹੈ (ਰੋਮੀਆਂ 14:14, 15, 22) ਅਤੇ ਅਜਿਹੇ ਹਾਲਾਤਾਂ ਵਿੱਚ, ਜਿਹੜੇ ਉਨ੍ਹਾਂ ਦੇ ਲਈ ਠੋਕਰ ਦਾ ਕਾਰਣ ਹੋ ਸਕਦੇ ਹਨ, ਮਾਸ ਖਾਣ ਜਾਂ ਮਧ ਪੀਣ ਦੀ ਆਪਣੀ ਅਜ਼ਾਦੀ ਦੀ ਨੁਮਾਇਸ਼ ਨਹੀਂ ਕਰਨੀ ਚਾਹੀਦੀ। ਉਸ ਨੇ ਮਸੀਹੀ ਲੋਕਾਂ ਅੱਗੇ ਬੇਨਤੀ ਕੀਤੀ ਕਿ ਉਹ ਅਜਿਹੇ ਕੰਮ ਕਰਨ ਜਿਨ੍ਹਾਂ ਨਾਲ ਸ਼ਾਂਤੀ ਬਣੀ ਰਹਿੰਦੀ ਹੈ ਅਤੇ "ਭੋਜਨ ਦੇ ਕਾਰਨ ਪਰਮੇਸ਼ੁਰ ਦਾ ਕੰਮ ਨਾ ਵਿਗਾੜਨ" (ਰੋਮੀਆਂ 14:19, 20)। ਜਦਕਿ ਉਸ ਦੀ ਮਾਨਤਾ ਇਹ ਸੀ ਕਿ "ਸੱਭੋ ਕੁਝ ਸ਼ੁੱਧ . . . ਹੈ," ਤਾਂ ਵੀ ਉਸ ਨੇ ਇਹ ਵੀ ਆਖਿਆ ਕਿ ਇਹ ਸਭ ਉਸ ਵਿਅਕਤੀ ਦੇ ਲਈ "ਬੁਰਾ" ਹੈ ਜਿਸ ਨੂੰ ਇਨ੍ਹਾਂ ਤੋਂ ਠੋਕਰ ਲੱਗਦੀ ਹੈ (ਰੋਮੀਆਂ 14:20)।[30] ਰਸੂਲ ਨੇ ਇਹ ਸਿੱਟਾ ਕੱਢਿਆ ਕਿ "ਭਲੀ ਗੱਲ ਇਹ ਹੈ ਜੋ ਨਾ ਤੂੰ ਮਾਸ ਖਾਵੇਂ ਨਾ ਮੈ ਪੀਵੇਂ ਨਾ ਕੋਈ ਇਹੋ ਜਿਹਾ ਕੰਮ ਕਰੇਂ ਜਿਸ ਤੋਂ ਤੇਰਾ ਭਰਾ ਠੇਡਾ ਖਾਵੇ" (ਰੋਮੀਆਂ 14:21)।[31]

## ਉਤਪਤ ਤੋਂ ਬਾਹਰ ਨੂਹ

ਨੂਹ ਬਾਰੇ ਬਾਈਬਲ ਵਿੱਚ ਨਬੀਆਂ ਦੀਆਂ ਪੁਸਤਕਾਂ ਅਤੇ ਨਵੇਂ ਨੇਮ ਵਿੱਚ ਦਿੱਤੇ ਗਏ ਸੰਦਰਭ ਤਕੜੇ ਅੰਦਰੂਨੀ ਪ੍ਰਮਾਣ ਪੇਸ਼ ਕਰਦੇ ਹਨ ਕਿ ਨੂਹ ਇੱਕ ਅਸਲ ਵਿਅਕਤੀ ਸੀ ਜਿਹੜਾ ਜਲ ਪਰਲੋ ਵਿੱਚੋਂ ਜੀਉਂਦਾ ਬਚਿਆ ਸੀ। ਪਰਮੇਸ਼ੁਰ ਨੇ ਯਸਾਯਾਹ ਦੇ ਜ਼ਰੀਏ ਆਖਿਆ ਕਿ ਨੂਹ ਇਤਹਾਸ ਵਿੱਚ ਹੋਇਆ ਇੱਕ ਅਸਲ ਵਿਅਕਤੀ ਸੀ:

> ਏਹ ਤਾਂ ਮੇਰੇ ਲਈ ਨੂਹ ਦੀ ਪਰਲੋ ਜਿਹੀ ਹੈ, – ਜਿਵੇਂ ਮੈਂ ਸੌਂਹ ਖਾਧੀ ਹੈ, ਕਿ ਨੂਹ ਦੀ ਪਰਲੋ ਫੇਰ ਧਰਤੀ ਉੱਤੇ ਨਾ ਆਵੇਗੀ, ਤਿਵੇਂ ਮੈਂ ਸੌਂਹ ਖਾਧੀ ਹੈ, ਕਿ ਮੈਂ ਤੇਰੇ ਉੱਤੇ ਕੋਪਵਾਨ ਨਾ ਹੋਵਾਂਗਾ, ਨਾ ਤੈਨੂੰ ਝਿੜਕਾਂਗਾ (ਯਸਾਯਾਹ 54:9)।

ਹਿਜ਼ਕੀਏਲ ਨੇ ਪੁਰਾਤਨ ਸਮੇਂ ਦੇ ਧਰਮੀ ਮਨੁੱਖਾਂ ਦੇ ਨਾਲ ਨੂਹ ਦਾ ਜ਼ਿਕਰ ਵੀ ਕੀਤਾ: "ਤਾਂ ਭਾਵੇਂ ਉਸ ਵਿੱਚ ਨੂਹ, ਦਾਨੀਏਲ ਅਤੇ ਅੱਯੂਬ ਤਿੰਨੇ ਮਨੁੱਖ ਹੋਣ, ਪ੍ਰਭੂ ਯਹੋਵਾਹ ਦਾ ਵਾਕ ਹੈ, ਓਹ ਆਪਣੇ ਧਰਮ ਦੇ ਕਾਰਨ ਕੇਵਲ ਆਪਣੀਆਂ ਹੀ ਜਾਨਾਂ ਛੁਡਾਉਣਗੇ" (ਹਿਜ਼ਕੀਏਲ 14:14)।

ਨੂਹ ਦਾ ਜ਼ਿਕਰ ਉਸ ਵੰਸ਼ਾਵਲੀ ਵਿੱਚ ਹੋਣਾ, ਜਿਹੜੀ ਯਿਸੂ ਮਸੀਹ ਦੇ ਪੁਰਖਿਆਂ ਨੂੰ "ਆਦਮ, ਜੋ ਪਰਮੇਸ਼ੁਰ ਦਾ ਪੁੱਤਰ ਸੀ" ਤੱਕ ਲੈ ਜਾਂਦੀ ਹੈ, ਨਿਸ਼ਚਿਤ ਤੌਰ 'ਤੇ ਉਸ ਦੇ ਵਜੂਦ ਦੀ ਸਾਖ ਪੇਸ਼ ਕਰਦੀ ਹੈ (ਲੂਕਾ 3:23-38)। ਯਿਸੂ ਨੇ ਆਪਣੀ ਦੂਜੀ ਆਮਦ ਵੇਲੇ ਦੇ ਹਾਲਾਤਾਂ ਬਾਰੇ ਆਖਦਿਆਂ ਨੂਹ ਦੇ ਤਜਰਬੇ ਦੀ ਵਰਤੋਂ ਕੀਤੀ:

> ਪਰ ਜਿਸ ਤਰਾਂ ਨੂਹ ਦੇ ਦਿਨ ਸਨ ਮਨੁੱਖ ਦੇ ਪੁੱਤਰ ਦਾ ਆਉਣਾ ਉਸੇ ਤਰਾਂ ਹੋਵੇਗਾ। ਕਿਉਂਕਿ ਜਿਸ ਤਰਾਂ ਪਰਲੋ ਤੋਂ ਅੱਗੇ ਦੇ ਦਿਨਾਂ ਵਿੱਚ ਲੋਕ ਖਾਂਦੇ ਪੀਂਦੇ ਵਿਆਹ ਕਰਦੇ ਅਤੇ ਕਰਾਉਂਦੇ ਸਨ ਉਸ ਦਿਨ ਤੀਕਰ ਕਿ ਨੂਹ ਕਿਸ਼ਤੀ ਉੱਤੇ ਚੜ੍ਹਿਆ (ਮੱਤੀ 24:37, 38; ਵੇਖੋ ਲੂਕਾ 17:26, 27)।

ਇਬਰਾਨੀਆਂ ਦੇ ਲੇਖਕ ਅਤੇ ਪਤਰਸ ਨੇ ਨੂਹ ਵੱਲੋਂ ਕੀਤੀ ਗਈ ਪਰਮੇਸ਼ੁਰ ਦੀ ਆਗਿਆਕਾਰੀ ਤੋਂ ਸਿੱਖਿਆ ਪੇਸ਼ ਕੀਤੀ:

> ਨਿਹਚਾ ਨਾਲ ਨੂਹ ਨੇ ਪਰਮੇਸ਼ੁਰ ਕੋਲੋਂ ਉਨ੍ਹਾਂ ਵਸਤਾਂ ਦੀ ਖਬਰ ਪਾ ਕੇ ਜਿਹੜੀਆਂ ਅਜੇ ਅਣਡਿੱਠ ਸਨ ਸਹਮ ਕੇ ਆਪਣੇ ਘਰ ਦੇ ਬਚਾਉ ਲਈ ਕਿਸ਼ਤੀ ਬਣਾਈ ਅਤੇ ਉਸ ਨਿਹਚਾ ਦੇ ਕਾਰਨ ਉਹ ਨੇ ਸੰਸਾਰ ਨੂੰ ਦੋਸ਼ੀ ਠਹਿਰਾਇਆ ਅਤੇ ਉਸ ਧਰਮ ਦਾ ਅਧਕਾਰੀ ਹੋਇਆ

ਜਿਹੜਾ ਨਿਹਚਾ ਤੋਂ ਹੀ ਹੁੰਦਾ ਹੈ (ਇਬਰਾਨੀਆਂ 11:7)।

. . . ਪਰਮੇਸ਼ੁਰ ਨੂਹ ਦੇ ਦਿਨੀਂ ਧੀਰਜ ਨਾਲ ਉਡੀਕ ਕਰਦਾ ਸੀ ਜਦ ਕਿਸ਼ਤੀ ਤਿਆਰ ਹੁੰਦੀ ਪਈ ਸੀ ਜਿਹ ਦੇ ਵਿੱਚ ਥੋੜੇ ਅਰਥਾਤ ਅੱਠ ਜਣੇ ਪਾਣੀ ਤੋਂ ਬਚ ਗਏ (1 ਪਤਰਸ 3:18-20)।

ਕਿਉਂਕਿ ਜਦੋਂ ਪਰਮੇਸ਼ੁਰ ਨੇ . . . ਜਿਸ ਵੇਲੇ ਕੁਧਰਮੀਆਂ ਦੇ ਸੰਸਾਰ ਉੱਤੇ ਪਰਲੋ ਆਂਦੀ ਤਾਂ ਨੂਹ ਨੂੰ ਜਿਹੜਾ ਧਰਮ ਦਾ ਪਰਚਾਰਕ ਸੀ ਸੱਤਾਂ ਹੋਰਨਾਂ ਸਣੇ ਬਚਾ ਲਿਆ . . . ਤਾਂ ਪ੍ਰਭੂ ਭਗਤਾਂ ਨੂੰ ਪਰਤਾਵੇ ਵਿੱਚੋਂ ਕੱਢਣਾ ਅਤੇ ਕੁਧਰਮੀਆਂ ਨੂੰ ਨਿਆਉਂ ਦੇ ਦਿਨ ਤੀਕ ਸਜ਼ਾ ਹੇਠ ਰੱਖਣਾ ਜਾਣਦਾ ਹੈ (2 ਪਤਰਸ 2:4-9)।

---

## ਟਿੱਪਣੀਆਂ

[1]ਜੇਕਬ ਮਿਲਗ੍ਰੋਮ, "ਬਲੱਡ," *ਐਨਸਾਈਕਲੋਪੀਡੀਆ ਜੁਡਾਇਕਾ*, ਦੂਜਾ ਸੰਸਕਰਨ, ਸੰਪਾਦਕ ਫ੍ਰੈਡ ਸਕੋਲਨਿਕ (ਡੇਟ੍ਰੋਇਟ: ਮੈਕਮਿਲਨ ਰੈਫਰੇਂਸ ਯੂ ਐੱਸ ਏ, 2007), 3:771 ਵਿੱਚ। [2]ਵੇਖੋ ਐੱਸ. ਡੇਵਿਡ ਸਪਰਲਿੰਗ, "ਬਲੱਡ," *ਦਿ ਐਂਕਰ ਬਾਈਬਲ ਡਿਕਸ਼ਨਰੀ*, ਸੰਪਾਦਕ ਡੇਵਿਡ ਨੋਏਲ ਫ੍ਰੀਡਮਨ (ਨਿਊ ਯੌਰਕ: ਡਬਲਡੇ, 1992), 1:762 ਵਿੱਚ। [3]ਲਿਓਨਾਰਡ ਜੇ. ਕੌਪਸ, "דָּרַשׁ," *TWOT*, 1:199 ਵਿੱਚ। [4]ਕੇਨੇਥ ਏ. ਮੈਥਿਊਸ, *ਜੇਨੇਸਿਸ 1-11:26*, ਦਿ ਨਿਊ ਅਮੈਰਿਕਨ ਕਮੈਂਟ੍ਰੀ, ਜਿਲਦ 1A (ਨੈਸ਼ਵਿਲ: ਬ੍ਰੌਡਮੈਨ ਐਂਡ ਹੌਲਮਨ ਪਬਲਿਸ਼ਰਸ, 1996), 404. [5]ਇਬਰਾਨੀ ਸ਼ਬਦ ਦਾ ਇਹ ਵੀ ਇੱਕ ਸੰਭਵ ਅਰਥ ਹੋ ਸਕਦਾ ਹੈ। (ਕੌਪਸ, "קוה," *TWOT*, 2:793 ਵਿੱਚ।) [6]ਵਿਕਟਰ ਪਿ. ਹੈਮਿਲਟਨ, *ਦਿ ਬੁਕ ਆਫ ਜੇਨੇਸਿਸ: ਅਧਿਆਇ 1-17*, ਦਿ ਨਿਊ ਇੰਟਰਨੈਸ਼ਨਲ ਕਮੈਂਟ੍ਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1990), 316. [7]ਕੌਪਸ, "קֶשֶׁת," *TWOT*, 2:819 ਵਿੱਚ। [8]ਨੂਹ ਦੇ ਸਮੇਂ ਤੋਂ ਬਾਅਦ ਪੁਰਾਤਨ ਮਿਥਿਹਾਸ ਵਿੱਚ ਇੱਕ ਅਜਿਹਾ ਦਿਓਤਾ ਵੀ ਸ਼ਾਮਲ ਹੋ ਗਿਆ ਸੀ ਜੋ ਆਪਣੇ ਵੈਰੀਆਂ ਦੇ ਵਿਰੁੱਧ ਕਮਾਣ ਅਤੇ ਤੀਰ (ਬਿਜਲੀ ਦੀਆਂ ਲਿਸ਼ਕਾਂ) ਦੀ ਵਰਤੋਂ ਕਰਦਾ ਸੀ। [9]ਡਬਲਿਉ. ਸ਼ੌੱਟ੍ਰੋਫ, "זכר," *ਥਿਓਲੌਜਿਕਲ ਲੈਕਸੀਕਨ ਆਫ ਦਿ ਓਲਡ ਟੈਸਟਾਮੈਂਟ*, ਅਨੁਵਾਦਕ ਮਾਰਕ ਈ. ਬਿਡਲ, ਸੰਪਾਦਕ ਅਰਨਸਟ ਜੇਨੀ ਅਤੇ ਕਲੌਸ ਵੈਸਟਰਮਨ (ਪੀਬੌਡੀ, ਮਾਸੇਚਿਯੁਸੇਟਸ: ਹੈਂਡ੍ਰਿਕਸਨ ਪਬਲਿਸ਼ਰਜ਼, 1997), 1:383 ਵਿੱਚ।

[10]ਐੱਫ. ਜੇ. ਹੈਲਫਮਾਯਰ, "אוֹת," *ਥਿਓਲੌਜਿਕਲ ਡਿਕਸ਼ਨਰੀ ਆਫ ਦਿ ਓਲਡ ਟੈਸਟਾਮੈਂਟ*, ਅਨੁਵਾਦਕ ਜੌਨ ਟੀ. ਵਿਲੀਸ, ਸੰਪਾਦਕ ਜੀ. ਜੋਹਾਂਸ ਬੌਟਰਵੇਕ ਅਤੇ ਹੈਲਮਰ ਰਿੰਗ੍ਰੇਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1974), 1:177. [11]ਖਤਨਾ ਕੀਤੇ ਹੋਏ ਅਰਾਮੀ ਲੜਾਕਿਆਂ ਬਾਰੇ ਲਿਖਤਾਂ ਤੀਜਾ ਮਿਲੇਨਿਅਮ ਈ.ਪੂ. ਵਿੱਚ ਵੇਖੀਆਂ ਗਈਆਂ ਹਨ। (ਜੈਕ ਐੱਮ. ਸੈਸਨ, "ਸਰਕਮਸਿਸ਼ਨ ਇਨ ਦਿ ਏਨਸ਼ਿਅੰਟ ਨਿਅਰ ਈਸਟ," *ਜਰਨਲ ਆਫ ਬਿਬਲਿਕਲ ਲਿਟਰੇਚਰ* 85, ਨੰ 4 [ਦਿਸੰਬਰ 1966]: 475–76.) ਮਿਸਰੀ ਖਤਨੇ ਬਾਰੇ ਲਿਖਤਾਂ ਲਗਭਗ 2300 ਈ.ਪੂ. ਵਿੱਚ ਵੇਖੀਆਂ ਗਈਆਂ ਹਨ। (ਜੌਨ ਏ. ਵਿਲਸਨ, ਅਨੁਵਾਦਕ, "ਸਰਕਮਸਿਸ਼ਨ ਇਨ ਇਜਿਪਟ," *ਏਨਸ਼ਿਅੰਟ ਨਿਅਰ ਈਸਟਰਨ ਟੈਕਸਟਸ ਰਿਲੇਟਿੰਗ ਟੂ ਦਿ ਓਲਡ ਟੈਸਟਾਮੈਂਟ,* ਤੀਜਾ ਸੰਸਕਰਨ, ਸੰਪਾਦਕ ਜੇਮਸ ਬੀ. ਪ੍ਰਿਚਰਡ [ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨਿਵਰਸਿਟੀ ਪ੍ਰੈਸ, 1969], 326 ਵਿੱਚ।) [12]ਜੌਨ ਟੀ. ਵਿਲੀਸ, *ਜੇਨੇਸਿਸ*, ਦਿ ਲਿਵਿੰਗ ਵਰਡ ਕਮੈਂਟ੍ਰੀ (ਔਸਟਿਨ, ਟੈਕਸਸ: ਸਵੀਟ ਪਬਲਿਸ਼ਿੰਗ ਕੰਪਨੀ, 1979), 181. "ਲੱਗਾ" ਕਿਰਿਆ חָלַל (*ਖ਼ਾਲਾਲ*) ਤੋਂ ਆਉਂਦੀ ਹੈ; ਇਸ ਸ਼ਬਦ ਦੇ ਭਿੰਨ-ਭਿੰਨ ਰੂਪਾਂ ਦਾ ਅਨੁਵਾਦ 4:26; 6:1; 11:6 ਵਿੱਚ "ਲੱਗੇ; ਲੱਗ ਪਏ; ਲੱਗੇ ਹਨ" ਕੀਤਾ ਗਿਆ ਹੈ। NIV 9:20 ਦਾ ਅਨੁਵਾਦ ਇਸੇ ਤਰ੍ਹਾਂ ਕਰਦਾ ਹੈ: "ਨੂਹ ਨੇ, ਜੋ ਕਿਸਾਨ ਸੀ, ਅੰਗੂਰਾਂ ਦਾ ਬਾਗ *ਲਗਾਇਆ*" (ਜ਼ੋਰ ਦਿੱਤਾ ਗਿਆ ਹੈ)। [13]ਜੋਨ ਡੀ. ਲੇਵੇਨਸਨ, "ਜੇਨੇਸਿਸ," *ਦਿ ਜਿਉਇਸ਼ ਸਟਡੀ ਬਾਈਬਲ*, ਸੰਪਾਦਕ ਐਡਲ ਬਰਲਿਨ ਅਤੇ ਮਾਰਕ ਜ਼ਵੀ ਬ੍ਰੇਟਲਰ (ਨਿਊ ਯੌਰਕ: ਔਕਸਫੋਰਡ ਯੂਨਿਵਰਸਿਟੀ ਪ੍ਰੈਸ, 2004), 25 ਵਿੱਚ। [14]ਇਸੇ ਤਰ੍ਹਾਂ, ਇਹ ਦਿਲਚਸਪ ਗੱਲ ਹੈ ਕਿ ਸਭ ਤੋਂ ਪੁਰਾਤਨ ਵਾਇਨਰੀ (ਮਧ ਬਣਾਉਣ ਵਾਲੀ ਥਾਂ) ਦੀ ਖੋਜ ਪੁਰਾਤੱਤਵ ਸ਼ਾਸਤਰੀਆਂ ਵੱਲੋਂ ਅਰਮੇਨੀਆ ਇੱਕ ਗੁਫਾ ਵਿੱਚੋਂ ਕੀਤੀ ਗਈ ਸੀ, ਇਹ ਉਹੋ ਇਲਾਕਾ ਹੈ ਜਿੱਥੇ ਨੂਹ ਦੀ ਕਿਸ਼ਤੀ ਆਣ ਕੇ ਟਿਕੀ ਸੀ। (http://news.nationalgeographic.com/news/2011/01/110111-oldest-wine-press-

making-winery-armenia-science-ucla/; Internet; ਇਸ ਲੇਖ ਨੂੰ 20 ਦਿਸੰਬਰ, 2013 ਨੂੰ ਇਸ ਵੈਬਸਾਈਟ 'ਤੇ ਵੇਖਿਆ ਗਿਆ ਸੀ।) ਬੇਬੀਲੋਨ ਦੀ ਪਰੰਪਰਾ ਅਨੁਸਾਰ ਮਧ ਦਾ ਉਤਪਾਦਨ ਜਲ ਪਰਲੋ ਤੋਂ ਪਹਿਲਾਂ ਕੀਤਾ ਗਿਆ ਸੀ। (*ਦਿ ਐਪਿਕ ਆਫ ਗਿਲਗਾਮੇਸ਼* 11.72–73।) [15]ਐੱਚ. ਸੀ. ਲੁਪੋਲਡ, *ਐਕਸਪੋਸਿਸ਼ਨ ਆਫ ਜੇਨੇਸਿਸ*, ਜਿਲਦ. 1 (ਪੰਨਾ ਰਹਿਤ: ਵਾਰਟਬਰਗ ਪ੍ਰੈਸ, 1942; ਪੁਨਰ ਪ੍ਰਕਾਸ਼ਨ, ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1953), 345. [16]ਐੱਫ. ਬ੍ਰੈਂਟ ਨੂਟਸਨ, "ਨੇਕੇਡ," *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ*, ਸੋਧਿਆ ਸੰਸਕਰਨ, ਸੰਪਾਦਕ ਜੈਫਰੀ ਡਬਲਿਉ. ਬ੍ਰੋਮਾਇਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1986), 3:480 ਵਿੱਚ। ਪਰਕਾਸ਼ 16:15 ਉੱਤੇ ਟਿੱਪਣੀ ਕਰਦਿਆਂ ਨੂਟਸਨ ਨੇ ਆਖਿਆ ਕਿ "ਜਾਗੇ ਹੋਣ ਅਤੇ ਬਸਤਰ ਪਹਿਨੇ ਹੋਣ ਦੀ ਤੁਲਨਾ ਸੁੱਤੇ ਹੋਣ ਅਤੇ ਨੰਗੇ ਹੋਣ ਨਾਲ ਕੀਤੀ ਗਈ ਹੈ।" [17]ਲੁਪੋਲਡ, 346. [18]*ਦਿ ਟੇਲ ਆਫ ਅਕਹਾਤ* ਏ.1.32–33. [19]ਵਿਲੀਸ, 183. ਨੂਹ ਦਾ ਸਰਾਪ ਸੱਤ ਜਾਤੀਆਂ ਉੱਤੇ ਸੀ ਜਿਹੜੀਆਂ ਕਨਾਨ ਦੀਆਂ ਅੰਸ ਸਨ; ਜਦ ਯਹੋਸ਼ੁਆ ਅਤੇ ਇਸਰਾਏਲੀਆਂ ਨੇ ਕਨਾਨ ਉੱਤੇ ਹਮਲਾ ਕੀਤਾ ਸੀ ਤਾਂ ਇਹੋ ਦੁਸ਼ਟ ਲੋਕ ਉੱਤੇ ਵੱਸਦੇ ਸਨ (ਬਿਵਸਥਾ ਸਾਰ 7:1-11)। ਇਹ ਸਰਾਪ ਹਾਮ ਦੀ ਕਿਸੇ ਵੀ ਅੰਸ ਉੱਤੇ ਨਹੀਂ ਆਇਆ ਸੀ, ਜਿਵੇਂ ਕਿ ਉਹ ਲੋਕ ਜਿਹੜੇ ਅਫਰੀਕਾ ਵਿੱਚ ਵੱਸ ਗਏ ਸਨ (ਵੇਖੋ ਜ਼ਬੂਰਾਂ 105:23; 106:21, 22)। ਇਤਹਾਸਕ ਤੌਰ 'ਤੇ ਕੁਝ ਲੋਕਾਂ ਨੇ ਉਤਪਤ 9:25 ਨੇ ਗਲਤ ਵਰਤੋਂ ਕਰਕੇ ਇਨ੍ਹਾਂ ਅਫਰੀਕੀ ਅੰਸ ਨੂੰ ਆਪਣੇ ਅਧੀਨ ਕਰਨ ਅਤੇ ਉਨ੍ਹਾਂ ਨਾਲ ਦੁਰਵਿਹਾਰ ਕਰਨ ਨੂੰ ਸਹੀ ਠਹਿਰਾਇਆ ਹੈ। [20]15:16 ਵਿੱਚ ਕਨਾਨ ਦੇ ਵਸਨੀਕਾਂ ਨੂੰ ਅਮੋਰੀ ਆਖਿਆ ਗਿਆ ਹੈ, ਜੋ ਉਨ੍ਹਾਂ ਲੋਕਾਂ ਲਈ ਇਸਤੇਮਾਲ ਕੀਤਾ ਜਾਣ ਵਾਲਾ ਇੱਕ ਹੋਰ ਸ਼ਬਦ ਹੈ ਜਿਨ੍ਹਾਂ ਨੂੰ ਇਸਰਾਏਲੀਆਂ ਨੇ ਪ੍ਰਤਿੱਗਿਆ ਕੀਤੇ ਹੋਏ ਦੇਸ ਵਿੱਚੋਂ ਕੱਢਿਆ ਸੀ (ਨਿਆਈਆਂ 6:10; 1 ਸਮੂਏਲ 7:14; 1 ਰਾਜਿਆਂ 21:26; 2 ਰਾਜਿਆਂ 21:11)।

[21]ਥਿਓਫਿਲੁਸ ਗੋਲਡਰਿਜ ਪਿੰਚਸ ਅਤੇ ਰੋਲੈਂਡ ਕੇ. ਹੈਰੀਸਨ, "ਜਾਫੇਥ," *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ*, ਸੋਧਿਆ ਸੰਸਕਰਨ, ਸੰਪਾਦਕ ਜੈਫਰੀ ਡਬਲਿਉ. ਬ੍ਰੋਮਾਇਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1982), 2:967 ਵਿੱਚ। [22]"ਟਾਰਗੁਸ ਆਫ ਓਨਕੇਲੋਸ," *ਦਿ ਟਾਰਗੁਮਸ*, ਅਨੁਵਾਦਕ ਜੇ. ਡਬਲਿਉ. ਏਥੇਰਿਜ (ਨਿਊ ਯੌਰਕ: KTAV ਪਬਲਿਸ਼ਿੰਗ ਹਾਊਸ, 1968), 54 ਵਿੱਚ। ਇਹ ਦ੍ਰਿਸ਼ਟੀਕੋਣ ਦਿ ਬੁਕ ਆਫ ਜੁਬਿਲੀਜ਼ ਅਤੇ ਦਿ ਬੇਬੀਲੋਨਿਅਨ ਤਾਲਮੁਡ ਵਿੱਚ ਵੀ ਵੇਖਿਆ ਜਾ ਸਕਦਾ ਹੈ। "ਸ਼ੇਕਿਨਾਹ" ਪ੍ਰਭੂ ਦੀ ਮਹਿਮਾ ਲਈ ਇਸਤੇਮਾਲ ਹੋਣ ਵਾਲਾ ਸ਼ਬਦ ਹੈ। [23]ਫਿਲਿਪ ਐੱਸ. ਐਲੇਕਜ਼ੈਂਡਰ, "ਟਾਰਗੁਮ, ਟਾਰਗੁਮਿਮ," *ਦਿ ਐਂਕਰ ਬਾਈਬਲ ਡਿਕਸ਼ਨਰੀ*, 6:321 ਵਿੱਚ। [24]ਕਲੇਟਨ ਜੀ. ਲਿਬੋਲਟ, "ਕੇਨਨ," *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ*, ਸੋਧਿਆ ਸੰਸਕਰਨ, ਸੰਪਾਦਕ ਜੈਫਰੀ ਡਬਲਿਉ. ਬ੍ਰੋਮਾਇਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1979), 1:590 ਵਿੱਚ। [25]*ਦਿ ਐਪਿਕ ਆਫ ਗਿਲਗਾਮੇਸ਼* 11.193–94. [26]6:4 ਵਿੱਚ NASB ਆਖਦੀ ਹੈ ਕਿ ਉਹ "ਪ੍ਰਸਿੱਧ ਲੋਕ" (ਸ਼ਾਬਦਿਕ, "ਆਪਣੇ ਨਾਮ ਦੇ ਅਨੁਸਾਰ ਜੀਉਣ ਵਾਲੇ ਵਿਅਕਤੀ") ਸਨ। ਕਹਿਣ ਦਾ ਭਾਵ ਹੈ ਕਿ ਉਨ੍ਹਾਂ ਨੇ ਸਮਾਜ ਦੇ ਕੁਝ ਵਰਗਾਂ ਵਿੱਚ ਆਪਣਾ ਨਾਮ ਬਹੁਤ ਪ੍ਰਸਿੱਧ ਕੀਤਾ ਅਤੇ ਉਨ੍ਹਾਂ ਲੋਕਾਂ ਲਈ ਨਾਇਕ ਬਣ ਗਏ ਜਿਹੜੇ ਉਨ੍ਹਾਂ ਵਰਗੇ ਦੁਸ਼ਟ ਕੰਮ ਕਰਦੇ ਸਨ। [27]ਪੌਲੁਸ ਨੇ "ਤਲਵਾਰ" ਲਈ ਜਿਸ ਯੂਨਾਨੀ ਸ਼ਬਦ ਦੀ ਵਰਤੋਂ ਕੀਤੀ ਹੈ ਉਹ μάχαιρα (*ਮਚਾਇਰਾ*) ਹੈ ਅਤੇ ਇਹ ਮੌਤ ਦੀ ਸਜ਼ਾ ਦੇਣ ਵਾਲੇ ਵਿਅਕਤੀ ਦੇ ਹੱਥ ਵਿੱਚ ਫੜੀ ਜਾਣ ਵਾਲੀ ਤਲਵਾਰ ਵੱਲ ਸੰਕੇਤ ਕਰਦਾ ਹੈ (ਜਿਵੇਂ ਕਿ ਰਸੂਲਾਂ 12:2), ਜੋ ਇਸ ਗੱਲ ਦੀ ਨਿਸ਼ਾਨੀ ਸੀ ਕਿ "ਬੁਰੇ ਕੰਮ ਕਰਨ ਵਾਲਿਆਂ ਨੂੰ ਸਜ਼ਾ ਦੇਣ ਲਈ ਅਧਿਕਾਰੀਆਂ ਕੋਲ ਇਖਤਿਆਰ ਸੀ" (ਵਾਲਟਰ ਬਾਵਰ, *ਏ ਗ੍ਰੀਕ-ਇੰਗਲਿਸ਼ ਲੈਕਸਿਕਨ ਆਫ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚੀਅਨ ਲਿਟਰੇਚਰ*, ਤੀਜਾ ਸੰਸਕਰਨ, ਸੋਧ ਅਤੇ ਸੰਪਾਦਨ, ਫ੍ਰੈਡਰਿਕ ਡਬਲਿਉ. ਡੈਂਕਰ [ਸ਼ਿਕਾਗੋ: ਯੂਨਿਵਰਸਿਟੀ ਆਫ ਸ਼ਿਕਾਗੋ ਪ੍ਰੈਸ, 2000], 622)। [28]ਪਰਕਾਸ਼ 13:1-10 ਵਿਚਲਾ "ਦਰਿੰਦਾ" ਰੋਮੀ ਸਰਕਾਰ ਦੀ ਨੁਮਾਇੰਦਗੀ ਕਰਦਾ ਹੈ ਅਤੇ ਪਰਕਾਸ਼ 13:11-18 ਵਿੱਚ ਆਖਿਆ ਗਿਆ ਝੂਠਾ ਨਬੀ ਰਾਜੇ ਦੀ ਪੂਜਾ ਕੀਤੇ ਜਾਣ ਦੇ ਛਲਾਵੇ ਨੂੰ ਦਰਸਾਉਂਦਾ ਹੈ। [29]ਫ੍ਰਾਂਸਿਸ ਬ੍ਰਾਉਨ, ਐੱਸ. ਆਰ. ਡ੍ਰਾਈਵਰ ਅਤੇ ਚਾਰਲਸ ਏ. ਬ੍ਰਿਜਸ, *ਏ ਹਿਬ੍ਰੂ ਐਂਡ ਇੰਗਲਿਸ਼ ਲੈਕਸਿਕਨ ਆਫ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰੇਂਡਨ ਪ੍ਰੈਸ, 1962), 761–63. [30]ਪੌਲੁਸ ਨੇ ਅਜਿਹਾ ਨਹੀਂ ਆਖਿਆ ਕਿ ਮਸੀਹੀ ਲੋਕ ਉਸ ਹਰੇਕ ਵਸਤੂ ਤੋਂ ਦੂਰ ਹੋ ਜਾਣ ਜਿਹੜੀ ਉਨ੍ਹਾਂ ਦੇ ਮਸੀਹੀ ਭਾਈਆਂ ਨੂੰ ਨਾਖੁਸ਼ ਕਰ ਸਕਦੀ ਹੈ। ਉਹ ਅਜਿਹੀ ਕਿਸੇ ਗੱਲ ਬਾਰੇ ਆਖ ਰਿਹਾ ਸੀ ਜਿਹੜੀ ਉਨ੍ਹਾਂ ਦੀ ਨਿਹਚਾ ਅਤੇ ਆਤਮਕ ਜੀਵਨ ਦੇ ਲਈ ਇੱਕ "ਠੋਕਰ ਵਾਲੀ ਵਸਤ" ਹੋ ਸਕਦੀ ਹੈ (ਰੋਮੀਆਂ 14:13, 21)। ਜਿਵੇਂ ਕਿ ਉਸ ਨੇ ਅਧਿਆਇ ਦੇ ਅਰੰਭ ਵਿੱਚ ਵੀ ਆਖਿਆ ਸੀ, "ਜਿਹ ਦੇ ਲਈ ਮਸੀਹ ਮੋਇਆ ਤੂੰ ਭੋਜਨ ਨਾਲ ਉਹ ਦਾ ਨਾਸ ਨਾ ਕਰ" (ਰੋਮੀਆਂ 14:15)।

[31]ਜੇਕਰ ਪੌਲੁਸ ਇੱਕੀਵੀਂ ਸਦੀ ਵਿੱਚ ਜੀਉਂਦਾ ਹੁੰਦਾ, ਤਾਂ ਸ਼ਾਇਦ ਉਹ ਉਪਰੋਕਤ ਵਾਕ ਵਿੱਚ ਇਹ ਜ਼ਰੂਰ ਜੋੜਦਾ:

"ਨਾ ਤਾਂ ਅਜਿਹਾ ਕੁਝ ਖਾਓ ਅਤੇ ਨਾ ਪੀਓ ਜਿਸ ਦੇ ਕਾਰਣ ਤੁਹਾਡੀ ਕਾਰ ਚਲਾਉਣ ਦੀ ਕਾਬਲੀਅਤ ਉੱਤੇ ਮਾੜਾ ਅਸਰ ਪਵੇ।" ਸ਼ਰਾਬ ਪੀ ਕੇ ਕਾਰ ਚਲਾਉਣ ਵਾਲਿਆਂ ਦੇ ਕਾਰਣ ਹਰ ਸਾਲ ਹਜ਼ਾਰਾਂ ਦੁਰਘਟਨਾਵਾਂ ਹੁੰਦੀਆਂ ਹਨ। ਇਸ ਕਰਕੇ ਮਸੀਹੀ ਲੋਕਾਂ ਨੂੰ ਥੋੜਾ ਰੁਕ ਕੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਮਧ ਪੀਣ ਦੇ ਕੀ-ਕੀ ਮਾੜੇ ਨਤੀਜੇ ਨਿਕਲ ਸਕਦੇ ਹਨ।